# Punjab Government Gazette

## EXTRAORDINARY

*Published by Authority*

CHANDIGARH, THURSDAY, DECEMBER 25, 2025
(PAUSA 4, 1947 SAKA)


ਵਿਧਾਨਕ ਅਨੁਪੂਰਕ


| | ਮਜ਼ਮੂਨ | ਪੰਨੇ |
|---|---|---|
| ਭਾਗ I | ਐਕਟ | |
| | 1. ਪੰਜਾਬ ਸਾਂਝਾ ਅਧਾਰ ਬਣਤ (ਵਿਨਿਯਮ ਅਤੇ ਸੰਭਾਲ) ਐਕਟ, 2012 (2012 ਦਾ ਪੰਜਾਬ ਐਕਟ ਨੰ. 12) | ...777-786 |
| | 2. ਰਿਆਤ ਬਾਹਰਾ ਯੂਨੀਵਰਸਿਟੀ ਐਕਟ, 2014 (2014 ਦਾ ਪੰਜਾਬ ਐਕਟ ਨੰ. 16) | ...787-815 |
| ਭਾਗ II | ਆਰਡੀਨੈਂਸ | |
| | *ਕੋਈ ਨਹੀਂ* | |
| ਭਾਗ III | ਅਧੀਨ ਵਿਧਾਨਕਾਰੀ | |
| | *ਕੋਈ ਨਹੀਂ* | |
| ਭਾਗ IV | ਦਰੁਸਤੀ ਪਰਚੀਆਂ, ਪੁਨਰ ਪ੍ਰਕਾਸ਼ਨਾਵਾਂ ਅਤੇ ਬਦਲੇ ਪੰਨੇ | |
| | *ਕੋਈ ਨਹੀਂ* | |


———

ਭਾਗ–**I**

ਪੰਜਾਬ ਸਰਕਾਰ

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 24 ਦਸੰਬਰ, 2025

ਨੰ: 65/ਭ.ਕ./2025.–ਪੰਜਾਬ ਸਾਂਝਾ ਅਧਾਰ–ਬਣਤ (ਵਿਨਿਯਮ ਅਤੇ ਸੰਭਾਲ) ਐਕਟ, 2012 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 24th December, 2025

**No. 65/L.C./2025.**-The Translation in Punjabi of the Punjab Common Infrastructure (Regulation and Maintenance) Act, 2012 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

**ਪੰਜਾਬ ਸਾਂਝਾ ਅਧਾਰ–ਬਣਤ (ਵਿਨਿਯਮ ਅਤੇ ਸੰਭਾਲ) ਐਕਟ, 2012**

(2012 ਦਾ ਪੰਜਾਬ ਐਕਟ ਨੰ: 12)

ਉਦਯੋਗਿਕ ਖੇਤਰ ਵਿੱਚ ਸਾਂਝਾ ਅਧਾਰ–ਬਣਤ ਦੇ ਵਿਨਿਯਮਨ ਅਤੇ ਸੰਭਾਲ ਦਾ ਉਪਬੰਧ ਕਰਨ ਲਈ ਅਤੇ ਇਸ ਨਾਲ ਸਬੰਧਤ ਜਾਂ ਉਸ ਦੇ ਨਾਲ ਅਨੁਸੰਗਕ ਮਾਮਲਿਆਂ ਲਈ ਇੱਕ ਐਕਟ।

ਭਾਰਤ ਗਣਰਾਜ ਦੇ ਤਰੇਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ–ਲਿਖੇ ਅਨੁਸਾਰ ਇਹ ਐਕਟ ਬਣੇ:–

1. (1) ਇਸ ਐਕਟ ਨੂੰ ਪੰਜਾਬ ਸਾਂਝਾ ਅਧਾਰ–ਬਣਤ (ਵਿਨਿਯਮ ਅਤੇ ਸੰਭਾਲ) ਐਕਟ, 2012 ਕਿਹਾ ਜਾ ਸਕੇਗਾ। ਸੰਖੇਪ ਨਾਂ, ਅਰੰਭ ਅਤੇ ਲਾਗੂ ਹੋਣਾ।

(2) ਇਹ ਅਜਿਹੀ ਤਰੀਕ ਨੂੰ ਨਾਫ਼ਜ਼ ਹੋਵੇਗਾ ਅਤੇ ਅਜਿਹੇ ਉਦਯੋਗਿਕ ਖੇਤਰ ਤੇ ਲਾਗੂ ਹੋਵੇਗਾ ਜਿਸ ਵਿੱਚ ਸਥਾਨਕ ਸਰਕਾਰ ਵਿਭਾਗ ਨੂੰ ਪਹਿਲਾਂ ਹੀ ਇੰਤਕਾਲ ਕੀਤਾ ਗਿਆ ਉਦਯੋਗਿਕ ਖੇਤਰ ਸ਼ਾਮਲ ਹੈ, ਜਿਵੇਂ ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਉਲਿਖਤ ਕਰੇ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨ ਲੋੜੇ,– ਪਰਿਭਾਸ਼ਾਵਾਂ।

(ੳ) "ਅਲਾਟੀ" ਦਾ ਮਤਲਬ ਹੈ ਉਹ ਵਿਅਕਤੀ ਜਿਸ ਨੂੰ ਕਿਸੇ ਉਦਯੋਗਿਕ ਖੇਤਰ ਵਿੱਚ ਵਿਕਾਸਕਾਰ ਦੁਆਰਾ ਵਿਕਰੀ, ਪੱਟੇ ਜਾਂ ਹੋਰ ਤਰ੍ਹਾਂ ਪਲਾਟ, ਛੱਪਰ ਜਾਂ ਕੋਈ ਹੋਰ ਯੂਨਿਟ ਅਲਾਟ ਕੀਤਾ ਜਾਂਦਾ ਹੈ ਜਿਹੜਾ ਪਦ ਪੱਟੇਦਾਰ ਅਤੇ ਹੋਰ ਪੁਨਰ ਵਿਕਰੀ ਦੇ ਮਾਮਲੇ ਵਿੱਚ ਪੱਟੇਦਾਰ ਜਾਂ ਖਰੀਦਦਾਰ, ਜਿਹੀ ਕਿ ਸੂਰਤ ਹੋਵੇ, ਸ਼ਾਮਲ ਹੋਵੇਗਾ ਅਤੇ ਇਸ ਵਿੱਚ ਉਸ ਛੱਪਰ ਜਾਂ ਪਲਾਟ ਦਾ ਦਖ਼ੀਲਕਾਰ ਵੀ ਸ਼ਾਮਲ ਹੋਵੇਗਾ;

(ਅ) "ਸਾਂਝਾ ਅਧਾਰ-ਬਣਤ" ਉਦਯੋਗਿਕ ਖੇਤਰ ਵਿੱਚ ਆਉਂਦੀਆਂ ਸੰਭਾਲ ਲੋੜਦੀਆਂ ਸੜਕਾਂ, ਪਾਰਕ, ਗਲੀਆਂ ਦੀ ਰੌਸ਼ਨੀ, ਪਾਣੀ ਸਪਲਾਈ ਅਤੇ ਮਲ ਨਿਕਾਸ ਪ੍ਰਣਾਲੀ, ਗੰਦ-ਮੰਦ ਉਪਚਾਰ ਸਹੂਲਤਾਂ, ਸਾਂਝੀ ਖੋਜ ਅਤੇ ਵਿਕਾਸ ਕੇਂਦਰ, ਵਹਿਣ, ਜਲ ਨਿਕਾਸ, ਪਾਣੀ ਮਲ-ਸੁੱਧੀਕਰਨ ਪਲਾਂਟ, ਸਾਂਝਾ ਗੰਦਾ ਪਾਣੀ ਸੁੱਧੀਕਰਨ ਪਲਾਂਟ ਜਾਂ ਕੋਈ ਹੋਰ ਅਜਿਹੀ ਸਾਂਝੀ ਸਹੂਲਤ ਸ਼ਾਮਲ ਹੈ, ਜੋ ਕਿਸੇ ਅਲਾਟੀ ਦੇ ਨਿਰੋਲ ਕਬਜ਼ੇ ਵਿੱਚ ਨਹੀਂ ਹਨ;

(ੲ) "ਸ਼ਕਤਵਾਨ ਅਥਾਰਟੀ" ਦਾ ਮਤਲਬ ਹੈ ਕੋਈ ਵਿਅਕਤੀ ਜਾਂ ਅਥਾਰਟੀ ਜਿਸ ਨੂੰ ਰਾਜ ਸਰਕਾਰ ਦੁਆਰਾ ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ ਇਸ ਐਕਟ ਅਧੀਨ ਸ਼ਕਤਵਾਨ ਅਥਾਰਟੀ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਸਾਰੇ ਜਾਂ ਕਿਸੇ ਕਾਰਜ ਨੂੰ ਨਿਭਾਉਣ ਲਈ ਨਿਯੁਕਤ ਕੀਤਾ ਗਿਆ ਹੈ;

(ਸ) "ਕਾਰਜਕਾਰੀ ਕਮੇਟੀ" ਦਾ ਮਤਲਬ ਹੈ ਧਾਰਾ 4 ਅਧੀਨ ਬਣਾਈ ਗਈ ਕਾਰਜਕਾਰੀ ਕਮੇਟੀ;

(ਹ) "ਵਿਕਾਸਕਾਰ" ਦਾ ਮਤਲਬ ਹੈ ਇੱਕ ਵਿਅਕਤੀ ਜਾਂ ਸੰਗਠਨ, ਭਾਵੇਂ ਉਹ ਸਰਕਾਰੀ ਹੋਵੇ ਜਾਂ ਪ੍ਰਾਈਵੇਟ ਜਾਂ ਸਾਂਝਾ ਉੱਦਮ ਜਿਸ ਵਿੱਚ ਪੰਜਾਬ ਲਘੂ ਉਦਯੋਗ ਅਤੇ ਬਰਾਮਦ ਨਿਗਮ ਅਤੇ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਨਿਗਮ ਸ਼ਾਮਲ ਹਨ, ਜੋ ਉਦਯੋਗਿਕ ਖੇਤਰਾਂ ਦਾ ਨਿਰਮਾਣ ਜਾਂ ਸਿਰਜਣਾ ਕਰਦੇ ਹਨ ਜਾਂ ਉਦਯੋਗਿਕ ਪਲਾਟ, ਇਮਾਰਤਾਂ ਆਦਿ ਦਾ ਨਿਰਮਾਣ ਕਰਦਾ ਹੈ, ਅਤੇ ਸੜਕਾਂ, ਮਲ ਨਿਕਾਸ, ਗਲੀਆਂ ਦੀ ਰੌਸ਼ਨੀ ਆਦਿ ਵਰਗਾ ਸਾਂਝਾ ਅਧਾਰ-ਬਣਤ ਪ੍ਰਦਾਨ ਕਰਦਾ ਹੈ;

(ਕ) "ਉਦਯੋਗਿਕ ਖੇਤਰ" ਵਿੱਚ ਉਦਯੋਗਿਕ ਪਾਰਕ, ਲਿਬਾਸ ਪਾਰਕ, ਨਿਰਯਾਤ ਤਰੱਕੀ ਪਾਰਕ, ਕੱਪੜਾ ਪਾਰਕ, ਬਰਾਮਦ ਤਰੱਕੀ ਉਦਯੋਗਿਕ ਪਾਰਕ, ਉਦਯੋਗਿਕ ਫੋਕਲ ਪੁਆਇੰਟ, ਉਦਯੋਗਿਕ ਵਿਕਾਸ ਕਲੋਨੀਆਂ, ਉਦਯੋਗਿਕ ਵਿਕਾਸ ਕੇਂਦਰ, ਜਾਂ ਰਾਜ ਸਰਕਾਰ ਦੁਆਰਾ ਅਜਿਹੇ ਤੌਰ ਤੇ ਅਧਿਸੂਚਿਤ ਉਦਯੋਗਿਕ ਸਰਗਰਮੀਆਂ ਦੇ ਪ੍ਰਯੋਜਨ ਲਈ ਕੋਈ ਹੋਰ ਖੇਤਰ ਸ਼ਾਮਲ ਹੈ;

(ਖ) "ਨਗਰਪਾਲਕਾ" ਦਾ ਮਤਲਬ ਹੈ ਇੱਕ ਨਗਰਪਾਲਕਾ ਜਿਵੇਂ ਭਾਰਤ ਦੇ ਸੰਵਿਧਾਨ ਦੇ ਅਨੁਛੇਦ 243ਟ ਦੇ ਖੰਡ (ਹ) ਵਿੱਚ ਪਰਿਭਾਸ਼ਤ ਕੀਤਾ ਗਿਆ ਹੈ;

(ਗ) "ਧਾਰਾ" ਦਾ ਮਤਲਬ ਹੈ ਇਸ ਐਕਟ ਦੀ ਧਾਰਾ;

(ਘ) "ਸੇਵਾ ਖਰਚੇ" ਵਿੱਚ ਵਿਸ਼ੇਸ਼ ਪ੍ਰਯੋਜਨ ਗੱਡੀ ਦੁਆਰਾ ਸਾਂਝੇ ਅਧਾਰ-ਬਣਤ ਦੇ ਪ੍ਰਬੰਧਨ, ਸੰਭਾਲ, ਮੁਰੰਮਤ ਜਾਂ ਪ੍ਰਤਿਸਥਾਪਨ ਜਾਂ ਸ਼ਕਤਵਾਨ ਅਥਾਰਟੀ ਦੁਆਰਾ ਇਸ ਤਰ੍ਹਾਂ ਉਲਿਖਤ ਕਿਸੇ ਪ੍ਰਯੋਜਨ ਲਈ, ਖਰਚਿਆਂ ਨੂੰ ਪੂਰਾ ਕਰਨ ਲਈ ਅਲਾਟੀਆਂ ਦੇ ਵਿਰੁੱਧ

ਕਾਨੂੰਨੀ ਤੌਰ ਤੇ ਨਿਰਧਾਰਤ ਕੀਤੀਆਂ ਗਈਆਂ ਸਾਰੀਆਂ ਰਕਮਾਂ ਸ਼ਾਮਲ ਹਨ ਅਤੇ ਕੋਈ ਹੋਰ ਖ਼ਰਚਾ ਸ਼ਾਮਲ ਹੈ ਜੋ ਸ਼ਕਤਵਾਨ ਅਥਾਰਟੀ ਦੁਆਰਾ ਉਲਿਖਤ ਕੀਤਾ ਜਾਵੇ;

(ਙ) "ਵਿਸ਼ੇਸ਼ ਪ੍ਰਯੋਜਨ ਗੱਡੀ" ਦਾ ਮਤਲਬ ਹੈ ਧਾਰਾ 3 ਅਧੀਨ ਸਿਰਜਤ ਕੀਤੀ ਗਈ ਇੱਕ ਬੌਡੀ; ਅਤੇ

(ਚ) "ਰਾਜ ਸਰਕਾਰ" ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ।

## ਅਧਿਆਏ-II

## ਵਿਸ਼ੇਸ਼ ਪ੍ਰਯੋਜਨ ਗੱਡੀ, ਇਸ ਦੀਆਂ ਸ਼ਕਤੀਆਂ ਅਤੇ ਕਾਜਕਾਰ

3. (1) ਪੰਜਾਬ ਨਗਰਪਾਲਕ ਐਕਟ, 1911 (1911 ਦਾ ਪੰਜਾਬ ਐਕਟ ਨੰ: 3) ਅਤੇ ਪੰਜਾਬ ਨਗਰਪਾਲਕ ਨਿਗਮ ਐਕਟ, 1976 (1976 ਦਾ ਪੰਜਾਬ ਐਕਟ ਨੰ: 42) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਰਾਜ ਸਰਕਾਰ, ਅਧਿਸੂਚਨਾ ਦੁਆਰਾ, ਇੱਕ ਉਦਯੋਗਿਕ ਖੇਤਰ ਦੇ ਸਬੰਧ ਵਿੱਚ ਸਾਂਝੇ ਅਧਾਰ-ਬਣਤ ਲਈ ਉਦਯੋਗਿਕ ਖੇਤਰ ਦੇ ਸਾਰੇ ਅਲਾਟੀਆਂ ਨੂੰ ਸ਼ਾਮਲ ਕਰਦੇ ਹੋਏ ਵਿਸ਼ੇਸ਼ ਪ੍ਰਯੋਜਨ ਗੱਡੀ ਸਿਰਜ ਸਕਦੀ ਹੈ। ਵਿਸ਼ੇਸ਼ ਪ੍ਰਯੋਜਨ ਗੱਡੀ।

(2) ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਉਦੇਸ਼ ਹੇਠ-ਲਿਖੇ ਅਨੁਸਾਰ ਹੋਣਗੇ,-

(ੳ) ਇਹ ਵਾਜਬ ਸੇਵਾ ਖਰਚਿਆਂ 'ਤੇ ਅਲਾਟੀਆਂ ਨੂੰ ਕੁਸ਼ਲ ਸੇਵਾ ਮੁਹੱਈਆ ਕਰੇਗਾ; ਅਤੇ

(ਅ) ਇਹ ਸਾਂਝੇ ਅਧਾਰ-ਬਣਤ ਦੇ ਮਾਮਲੇ ਦੀ ਚੰਗੀ ਦੇਖਭਾਲ ਦੇ ਲਈ ਕੰਮ ਕਰੇਗਾ।

(3) ਵਿਸ਼ੇਸ਼ ਪ੍ਰਯੋਜਨ ਗੱਡੀ ਆਪਣੀ ਅਧਿਕਾਰਤਾ ਅੰਦਰ 'ਨਾ ਲਾਭ ਨਾ ਹਾਨ' ਦੇ ਆਧਾਰ ਤੇ ਕੰਮ ਕਰੇਗਾ।

4. (1) ਵਿਸ਼ੇਸ਼ ਪ੍ਰਯੋਜਨ ਗੱਡੀ ਇਸ ਐਕਟ ਅਧੀਨ ਕਾਰਜਕਾਰੀ ਕਮੇਟੀ ਦੀਆਂ ਸ਼ਕਤੀਆਂ ਦੀ ਵਰਤੋਂ ਕਰਨ ਅਤੇ ਕਾਰਜ ਨਿਭਾਉਣ ਲਈ ਇਸ ਦੇ ਉਪ-ਕਾਨੂੰਨਾਂ ਦੀ ਅਨੁਸਾਰਤਾ ਵਿੱਚ ਇੱਕ ਕਾਰਜਕਾਰੀ ਕਮੇਟੀ ਬਣਾਏਗਾ। ਕਾਰਜਕਾਰੀ ਕਮੇਟੀ।

(2) ਅਲਾਟੀਆਂ ਦੇ ਮੈਂਬਰਾਂ ਤੋਂ ਇਲਾਵਾ, ਕਾਰਜਕਾਰੀ ਕਮੇਟੀ ਵਿੱਚ ਵਿਕਾਸਕਾਰ, ਰਾਜ ਸਰਕਾਰ ਅਤੇ ਨਗਰਪਾਲਕਾਵਾਂ, ਜਿਨ੍ਹਾਂ ਦੀਆਂ ਸੀਮਾਵਾਂ ਦੇ ਅੰਦਰ ਉਦਯੋਗਿਕ ਖੇਤਰ ਆਉਂਦਾ ਹੈ, ਦੇ ਪ੍ਰਤੀਨਿਧ ਹੋਣਗੇ।

5. ਇਸ ਐਕਟ ਅਧੀਨ ਆਪਣੇ ਕਾਜਕਾਰਾਂ ਅਤੇ ਕਰਤੱਵਾਂ ਨੂੰ ਸੁਚਾਰੂ ਢੰਗ ਨਾਲ ਨਿਭਾਉਣ ਲਈ, ਕਾਰਜਕਾਰੀ ਕਮੇਟੀ ਨੂੰ ਇਹ ਅਧਿਕਾਰ ਹੋਵੇਗਾ,- ਕਾਰਜਕਾਰੀ ਕਮੇਟੀ ਦੀਆਂ ਸ਼ਕਤੀਆਂ।

(ੳ) ਉਦਯੋਗਿਕ ਖੇਤਰ ਦੀ ਸੰਪੱਤੀ ਅਤੇ ਸਾਂਝੇ ਅਧਾਰ-ਬਣਤ ਤੱਕ ਪਹੁੰਚ ਦਾ;

(ਅ) ਉਦਯੋਗਿਕ ਖੇਤਰ ਦੇ ਸਾਂਝੇ ਅਧਾਰ-ਬਣਤ ਦੇ ਪ੍ਰਬੰਧਨ, ਕਾਇਮ ਰੱਖਣ ਅਤੇ ਸੰਭਾਲ ਲਈ ਸਾਂਝੇ ਖ਼ਰਚਿਆਂ, ਜਿਸ ਵਿੱਚ ਸੇਵਾ ਖ਼ਰਚੇ ਸ਼ਾਮਲ ਹਨ, ਨੂੰ ਨਿਰਧਾਰਤ ਕਰਨਾ;

(ੲ) ਕੁਲੈਕਟਰ ਰਾਹੀਂ ਸੇਵਾ ਖਰਚਿਆਂ ਦੀਆਂ ਅਣ-ਅਦਾ ਰਕਮਾਂ ਨੂੰ ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲ ਕਰਵਾਉਣਾ; ਅਤੇ

(ਸ) ਜੇਕਰ ਅਲਾਟੀ ਸੇਵਾ ਖਰਚੇ ਜਮ੍ਹਾਂ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਤਾਂ ਪਾਣੀ ਦੀ ਸਪਲਾਈ, ਮਲ ਨਿਕਾਸ ਜਾਂ ਬਿਜਲੀ ਸਪਲਾਈ ਵਰਗੀ ਉਪਯੋਗਤਾ ਸੇਵਾ ਨੂੰ ਕੱਟਣਾ।

ਉਪ-ਕਾਨੂੰਨ ਬਣਾਉਣ ਦੀਆਂ ਸ਼ਕਤੀਆਂ।

6. (1) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਵਿਸ਼ੇਸ਼ ਪ੍ਰਯੋਜਨ ਗੱਡੀ ਹੇਠ-ਲਿਖੇ ਸਾਰੇ ਜਾਂ ਕਿਸੇ ਵੀ ਮਾਮਲੇ ਦਾ ਉਪਬੰਧ ਕਰਨ ਲਈ ਉਪ-ਕਾਨੂੰਨ ਬਣਾ ਸਕੇਗੀ, ਅਰਥਾਤ:-

(ੳ) ਇਸ ਦੀਆਂ ਇਕੱਤਰਤਾਵਾਂ ਦਾ ਸਮਾਂ ਅਤੇ ਸਥਾਨ;

(ਅ) ਉਹ ਤਰੀਕਾ ਜਿਸ ਨਾਲ ਵਿਸ਼ੇਸ਼ ਪ੍ਰਯੋਜਨ ਗੱਡੀ ਦੀਆਂ ਸਾਧਾਰਨ ਅਤੇ ਵਿਸ਼ੇਸ਼ ਇਕੱਤਰਤਾ ਅਤੇ ਮੁਲਤਵੀ ਇਕੱਤਰਤਾਵਾਂ ਦਾ ਨੋਟਿਸ ਦਿੱਤਾ ਜਾਵੇਗਾ;

(ੲ) ਸਾਧਾਰਨ ਇਕੱਤਰਤਾਵਾਂ ਵਿੱਚ ਕਾਰੋਬਾਰ ਦੇ ਸੰਚਾਲਣ ਲਈ ਜ਼ਰੂਰੀ ਕੋਰਮ;

(ਸ) ਇਕੱਤਰਤਾਵਾਂ ਵਿੱਚ ਕਾਰਵਾਈਆਂ ਦਾ ਸੰਚਾਲਨ ਅਤੇ ਇਕੱਤਰਤਾਵਾਂ ਨੂੰ ਮੁਲਤਵੀ ਕਰਨਾ;

(ਹ) ਸਾਂਝੀ ਮੋਹਰ ਦੀ ਸੰਭਾਲ ਅਤੇ ਉਹ ਪ੍ਰਯੋਜਨ ਜਿਨ੍ਹਾਂ ਲਈ ਇਸ ਨੂੰ ਵਰਤਿਆ ਜਾਵੇਗਾ;

(ਕ) ਉਹ ਵਿਅਕਤੀ ਜਿਨ੍ਹਾਂ ਦੁਆਰਾ ਇਸ ਐਕਟ ਅਧੀਨ ਪ੍ਰਾਪਤ ਸੇਵਾ ਖਰਚਿਆਂ ਦੇ ਧਨ ਲਈ ਕਾਰਜਕਾਰੀ ਕਮੇਟੀ ਦੇ ਨਮਿੱਤ ਰਸੀਦਾਂ ਜਾਰੀ ਕੀਤੀਆਂ ਜਾਣਗੀਆਂ;

(ਖ) ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਮੈਂਬਰਾਂ ਵਿੱਚੋਂ ਕਾਰਜਕਾਰੀ ਕਮੇਟੀ ਦੇ ਮੈਂਬਰਾਂ ਦਾ ਤਰੀਕਾ ਅਤੇ ਗਿਣਤੀ ਅਤੇ ਕਾਰਜਕਾਰੀ ਕਮੇਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ;

(ਗ) ਉਹ ਤਰੀਕਾ ਜਿਸ ਨਾਲ ਕਾਰਜਕਾਰੀ ਕਮੇਟੀ ਦਾ ਪ੍ਰਧਾਨ ਚੁਣਿਆ ਜਾਵੇਗਾ ਅਤੇ ਇਸ ਤਰ੍ਹਾਂ ਚੁਣੇ ਗਏ ਪ੍ਰਧਾਨ ਦੀਆਂ ਸ਼ਕਤੀਆਂ ਅਤੇ ਕਾਰਜ। ਉਹ ਤਰੀਕਾ ਜਿਸ ਨਾਲ ਕਾਰਜਕਾਰੀ ਕਮੇਟੀ ਦੇ ਹੋਰ ਅਹੁਦੇਦਾਰ ਨਿਯੁਕਤ ਕੀਤੇ ਜਾਣਗੇ ਅਤੇ ਉਨ੍ਹਾਂ ਦੀਆਂ ਸ਼ਕਤੀਆਂ ਉਲਿਖਤ ਕਰਨ ਲਈ;

(ਘ) ਪਲਾਟ ਦੇ ਆਕਾਰ ਅਤੇ ਵਿਸ਼ੇਸ਼ ਪ੍ਰਯੋਜਨ ਗੱਡੀ ਦੁਆਰਾ ਪ੍ਰਵਾਨਤ ਹੋਰ ਅਜਿਹੇ ਉਲਿਖਤ ਮਾਪਦੰਡਾਂ ਦੇ ਆਧਾਰ ਤੇ

ਅਲਾਟੀਆਂ ਦੁਆਰਾ ਯੋਗਦਾਨ ਪਾਉਣ ਵਾਲੇ ਸੇਵਾ ਖਰਚਿਆਂ ਦੀਆਂ ਦਰਾਂ ਨਿਯਤ ਕਰਨਾ;

(ਙ) ਸਾਂਝੇ ਅਧਾਰ-ਬਣਤ ਦੀ ਸੰਭਾਲ ਅਤੇ ਮੁਰੰਮਤ ਅਤੇ ਇਸ ਦੇ ਲਈ ਅਦਾਇਗੀ ਦਾ ਤਰੀਕਾ;

(ਚ) ਸਾਂਝੇ ਅਧਾਰ-ਬਣਤ ਦੀ ਦੇਖਭਾਲ ਅਤੇ ਮੁਰੰਮਤ ਲਈ ਨਿਯੋਜਤ ਵਿਅਕਤੀਆਂ ਨੂੰ ਲਗਾਉਣਾ ਅਤੇ ਹਟਾਉਣਾ;

(ਛ) ਸੇਵਾ ਖਰਚਿਆਂ ਦੀ ਵਸੂਲੀ ਦਾ ਤਰੀਕਾ ਅਤੇ ਇਸ ਨੂੰ ਬੈਂਕਾਂ ਵਿੱਚ ਜਮ੍ਹਾਂ ਕਰਨ ਦੀ ਵਿਧੀ;

(ਜ) ਕਿਸੇ ਉਦਯੋਗਿਕ ਖੇਤਰ ਅਤੇ ਸਾਂਝੇ ਅਧਾਰ-ਬਣਤ ਦੀ ਸੰਪੱਤੀ ਦੀ ਸੁਰੱਖਿਆ ਲਈ ਨਿਵਾਰਕ ਉਪਾਅ ਅਤੇ ਇਸ ਨੂੰ ਨਾਜਾਇਜ਼ ਕਬਜ਼ੇ ਤੋਂ ਬਚਾਉਣ ਦੇ ਉਪਾਅ; ਅਤੇ

(ਝ) ਕੋਈ ਹੋਰ ਮਾਮਲਾ ਜਿਸ ਦਾ ਉਪਬੰਧ ਕੀਤਾ ਜਾਣਾ ਲੋੜੀਂਦਾ ਹੈ ਜਾਂ ਕੀਤਾ ਜਾ ਸਕਦਾ ਹੈ।

(2) ਉਪ-ਧਾਰਾ (1) ਅਧੀਨ ਬਣਾਏ ਗਏ ਉਪ-ਕਾਨੂੰਨ ਇਹ ਵੀ ਉਪਬੰਧ ਕਰ ਸਕਣਗੇ,-

(ੳ) ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਲੇਖਿਆਂ ਦੇ ਆਡਿਟ ਦੀ ਵਿਧੀ;

(ਅ) ਉਹ ਸਮਾਂ ਜਿਸ ਤੇ ਅਤੇ ਉਹ ਤਰੀਕਾ ਜਿਸ ਨਾਲ ਵਿਸ਼ੇਸ਼ ਪ੍ਰਯੋਜਨ ਗੱਡੀ ਦੀ ਸਲਾਨਾ ਰਿਪੋਰਟ ਕਾਰਜਕਾਰੀ ਕਮੇਟੀ ਨੂੰ ਪੇਸ਼ ਕੀਤੀ ਜਾਵੇਗੀ;

(ੲ) ਉਹ ਤਰੀਕਾ ਜਿਸ ਨਾਲ ਵਿਸ਼ੇਸ਼ ਪ੍ਰਯੋਜਨ ਗੱਡੀ ਦੀ ਆਮਦਨ ਅਤੇ ਖਰਚ ਦਾ ਲੇਖਾ-ਜੋਖਾ ਕੀਤਾ ਜਾਵੇਗਾ;

(ਸ) ਅਲਾਟੀਆਂ ਵੱਲੋਂ ਕੁੱਲ ਯੋਗਦਾਨ, ਸਾਂਝੇ ਆਧਾਰ-ਬਣਤ ਦੀ ਸੰਭਾਲ ਲਈ ਫੰਡਾਂ ਦੀ ਲੋੜ ਅਤੇ ਪਾੜੇ ਨੂੰ ਪੂਰਾ ਕਰਨ ਦੇ ਸਰੋਤ ਦਰਸਾਉਂਦੇ ਹੋਏ ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਅੱਗੇ ਬਜਟ ਦੀ ਪੇਸ਼ਕਾਰੀ; ਅਤੇ

(ਹ) ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਸੁਚਾਰੂ ਕੰਮਕਾਜ ਵਿੱਚ ਵਿਕਾਸਕਾਰ ਅਤੇ ਰਾਜ ਸਰਕਾਰ ਦੀ ਭੂਮਿਕਾ।

ਉਪ-ਨਿਯਮਾਂ ਦੁਆਰਾ ਵਿਨਿਯਮਤ ਕੀਤੇ ਜਾਣ ਵਾਲੇ ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਕਾਰ-ਵਿਹਾਰ।

7. (1) ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਕਾਰ-ਵਿਹਾਰ ਅਤੇ ਇੱਕ ਉਦਯੋਗਿਕ ਖੇਤਰ ਅਤੇ ਸਾਂਝੇ ਅਧਾਰ-ਬਣਤ ਵਿੱਚ ਸੰਪੱਤੀ ਦੇ ਪ੍ਰਬੰਧਨ ਅਤੇ ਰੱਖ-ਰਖਾਅ ਨੂੰ ਵਿਸ਼ੇਸ਼ ਪ੍ਰਯੋਜਨ ਗੱਡੀ ਦੁਆਰਾ ਬਣਾਏ ਗਏ ਉਪ-ਕਾਨੂੰਨਾਂ ਦੇ ਉਪਬੰਧਾਂ ਦੁਆਰਾ ਸ਼ਾਸਤ ਕੀਤਾ ਜਾਵੇਗਾ।

(2) ਵਿਸ਼ੇਸ਼ ਪ੍ਰਯੋਜਨ ਗੱਡੀ ਆਪਣੀ ਪਹਿਲੀ ਇਕੱਤਰਤਾ ਵਿੱਚ, ਧਾਰਾ 6 ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਆਪਣੇ ਉਪ-ਕਾਨੂੰਨ ਬਣਾਏਗਾ ਅਤੇ ਉਸ ਵਿੱਚੋਂ

ਸ਼ਕਤਵਾਨ ਅਥਾਰਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਕੋਈ ਵੀ ਫੇਰਬਦਲ, ਅਦਲ-ਬਦਲ, ਜੋੜ ਜਾਂ ਉਕਾਈ ਨਹੀਂ ਕੀਤੀ ਜਾਵੇਗੀ:

ਪਰੰਤੂ ਸ਼ਕਤਵਾਨ ਅਥਾਰਟੀ ਦੁਆਰਾ ਅਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਜਾਵੇਗੀ, ਜੇਕਰ ਅਜਿਹਾ ਫੇਰਬਦਲ, ਅਦਲ-ਬਦਲ, ਜੋੜ ਜਾਂ ਉਕਾਈ ਦਾ ਧਾਰਾ 6 ਵਿੱਚ ਦਰਜ ਉਪਬੰਧਾਂ ਦੇ ਮੂਲ ਢਾਂਚੇ ਨੂੰ ਬਦਲਣ ਦਾ ਪ੍ਰਭਾਵ ਹੋਵੇਗਾ।

(3) ਕੋਈ ਵੀ ਉਪ-ਕਾਨੂੰਨ ਜਾਂ ਉਨ੍ਹਾਂ ਦੀ ਸੋਧ ਉਦੋਂ ਤੱਕ ਜਾਇਜ਼ ਨਹੀਂ ਹੋਵੇਗੀ ਜਦੋਂ ਤੱਕ ਸ਼ਕਤਵਾਨ ਅਥਾਰਟੀ ਦੁਆਰਾ ਪ੍ਰਵਾਨਗੀ ਨਾ ਦਿੱਤੀ ਜਾਵੇ।

ਫੰਡਾਂ ਲਈ ਉਪਬੰਧ।

8. (1) ਵਿਸ਼ੇਸ਼ ਪ੍ਰਯੋਜਨ ਗੱਡੀ ਨੂੰ ਦਿੱਤੇ ਜਾਣ ਵਾਲੇ ਫੰਡ ਨਗਰਪਾਲਕਾਵਾਂ ਦੀਆਂ ਵੱਟਕਾਂ ਵਿੱਚੋਂ ਹੋਣਗੇ। ਦਿੱਤੇ ਜਾਣ ਵਾਲੇ ਫੰਡਾਂ ਦੀ ਪ੍ਰਤੀਸ਼ਤਤਾ ਦਾ ਫ਼ੈਸਲਾ ਰਾਜ ਸਰਕਾਰ ਦੁਆਰਾ ਇੱਕ ਕਾਰਜਕਾਰੀ ਹੁਕਮ ਰਾਹੀਂ ਕੀਤਾ ਜਾਵੇਗਾ। ਇਹ ਫੰਡ ਸਬੰਧਤ ਨਗਰਪਾਲਕਾਵਾਂ ਦੁਆਰਾ ਸਥਾਨਕ ਸਰਕਾਰ ਵਿਭਾਗ ਵਿੱਚ ਸਿਰਜੇ ਅਤੇ ਕਾਇਮ ਰੱਖੇ ਜਾਣ ਵਾਲੇ 'ਸਾਂਝੇ ਅਧਾਰ-ਬਣਤ ਸੰਭਾਲ ਫੰਡ' ਵਿੱਚ ਇੰਤਕਾਲ ਕੀਤੇ ਜਾਣਗੇ। ਸਥਾਨਕ ਸਰਕਾਰ ਵਿਭਾਗ ਬਦਲੇ ਵਿੱਚ, ਇਸ ਫੰਡ ਵਿੱਚੋਂ ਸਬੰਧਤ ਵਿਸ਼ੇਸ਼ ਪ੍ਰਯੋਜਨ ਗੱਡੀ ਨੂੰ ਇਸ ਦੀਆਂ ਲੋੜਾਂ ਅਨੁਸਾਰ ਧਨ ਇੰਤਕਾਲ ਕਰੇਗਾ ਜਿਸ ਨੂੰ ਹੇਠ-ਲਿਖਿਆਂ ਤੋਂ ਮਿਲ ਕੇ ਬਣੀ ਇੱਕ ਕਮੇਟੀ ਦੁਆਰਾ ਨਿਰਧਾਰਤ ਅਤੇ ਪ੍ਰਵਾਨ ਕੀਤਾ ਜਾਵੇਗਾ,-

| | | | |
|---|---|---|---|
| (ੳ) | ਮੁੱਖ ਸਕੱਤਰ, ਪੰਜਾਬ; | .. | ਚੇਅਰਮੈਨ |
| (ਅ) | ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਉਦਯੋਗ ਅਤੇ ਵਣਜ ਵਿਭਾਗ; | .. | ਮੈਂਬਰ |
| (ੲ) | ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ; ਅਤੇ | .. | ਮੈਂਬਰ |
| (ਸ) | ਪ੍ਰਬੰਧ ਨਿਰਦੇਸ਼ਕ, ਪੰਜਾਬ ਲਘੂ ਉਦਯੋਗ ਅਤੇ ਬਰਾਮਦ ਨਿਗਮ। | : | ਸਕੱਤਰ |

ਸਬੰਧਤ ਨਗਰਪਾਲਕਾ ਦਾ ਕਮਿਸ਼ਨਰ ਜਾਂ ਕਾਰਜਕਾਰੀ ਅਧਿਕਾਰੀ, ਜਿਹੀ ਕਿ ਸੂਰਤ ਹੋਵੇ, ਖ਼ਾਸ ਬੁਲਾਇਆ ਹੋਇਆ ਵਿਅਕਤੀ ਹੋਵੇਗਾ।

(2) ਹਰੇਕ ਵਿਸ਼ੇਸ਼ ਪ੍ਰਯੋਜਨ ਗੱਡੀ ਇੱਕ ਫੰਡ ਕਾਇਮ ਰੱਖੇਗਾ ਜਿਸ ਵਿੱਚ ਉਪ-ਧਾਰਾ (1) ਦੇ ਅਧੀਨ ਇਸ ਨੂੰ ਇੰਤਕਾਲ ਕੀਤੀ ਗਈ ਰਕਮ ਰੱਖੀ ਜਾਵੇਗੀ ਅਤੇ ਸਾਂਝੇ ਅਧਾਰ-ਬਣਤ ਦੀ ਸੰਭਾਲ ਲਈ ਖ਼ਰਚਾ ਵਿਸ਼ੇਸ਼ ਪ੍ਰਯੋਜਨ ਗੱਡੀ ਦੁਆਰਾ ਉਕਤ ਫੰਡ ਵਿੱਚੋਂ ਕੀਤਾ ਜਾਵੇਗਾ। ਇਸ ਫੰਡ ਵਿੱਚ ਭਾਰਤ ਸਰਕਾਰ ਜਾਂ ਰਾਜ ਸਰਕਾਰ ਤੋਂ ਜਾਂ ਕਿਸੇ ਹੋਰ ਸਰੋਤ ਤੋਂ ਪ੍ਰਾਪਤ ਗ੍ਰਾਂਟਾਂ ਜਾਂ ਕਰਜ਼ੇ ਵੀ ਸ਼ਾਮਲ ਹੋਣਗੇ।

## ਅਧਿਆਏ-III

## ਕੰਟਰੋਲ ਅਤੇ ਨਿਗਰਾਨੀ

ਕੰਟਰੋਲ ਅਤੇ ਨਿਗਰਾਨੀ।

9. (1) ਉਦਯੋਗਿਕ ਖੇਤਰ ਦੇ ਬਾਰੇ ਵਿੱਚ ਕੰਟਰੋਲ ਅਤੇ ਸਮੁੱਚੀ ਨਿਗਰਾਨੀ ਸ਼ਕਤਵਾਨ ਅਥਾਰਟੀ ਕੋਲ ਹੋਵੇਗੀ।

(2) ਜੇ ਸ਼ਕਤਵਾਨ ਅਥਾਰਟੀ ਦੀ ਰਾਏ ਵਿੱਚ, ਕਾਰਜਕਾਰੀ ਕਮੇਟੀ ਇਸ ਐਕਟ ਅਧੀਨ ਆਪਣੇ ਕਾਜਕਾਰ ਨਿਭਾਉਣ ਵਿੱਚ ਅਸਫ਼ਲ ਰਹੀ ਹੈ ਜਾਂ ਇਸ ਦੇ ਕਾਜਕਾਰ ਅਲਾਟੀਆਂ ਦੇ ਹਿੱਤਾਂ ਲਈ ਹਾਨੀਕਾਰਕ ਹਨ, ਤਾਂ ਸ਼ਕਤਵਾਨ ਅਥਾਰਟੀ ਕਾਰਜਕਾਰੀ ਕਮੇਟੀ ਨੂੰ ਕਾਰਨ ਦੱਸੋ ਨੋਟਿਸ ਦੇ ਸਕੇਗੀ ਕਿ ਇਸ ਦਾ ਅਧਿਲੰਘਣ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ।

(3) ਜੇ ਸ਼ਕਤਵਾਨ ਅਥਾਰਟੀ ਦੀ ਰਾਏ ਵਿੱਚ ਉਪ-ਧਾਰਾ (2) ਅਧੀਨ ਕਾਰਜਕਾਰੀ ਕਮੇਟੀ ਨੂੰ ਤਾਮੀਲ ਕੀਤੇ ਗਏ ਕਾਰਨ ਦੱਸੋ ਨੋਟਿਸ ਦਾ ਜਵਾਬ ਤਸੱਲੀਬਖਸ਼ ਨਹੀਂ ਹੈ, ਤਾਂ ਉਹ ਕਾਰਜਕਾਰੀ ਕਮੇਟੀ ਦਾ ਅਧਿਲੰਘਣ ਕਰ ਸਕਦੀ ਹੈ ਅਤੇ ਇਸ ਐਕਟ ਅਧੀਨ ਕਾਰਜਕਾਰੀ ਕਮੇਟੀ ਦੇ ਕਰਤੱਵਾਂ ਨੂੰ ਨਿਭਾਉਣ ਅਤੇ ਸ਼ਕਤੀਆਂ ਦੀ ਵਰਤੋਂ ਕਰਨ ਲਈ ਇੱਕ ਪ੍ਰਸ਼ਾਸਕ ਨਿਯੁਕਤ ਕਰ ਸਕੇਗੀ ਜੋ ਰਾਜ ਸਰਕਾਰ ਦਾ ਇੱਕ ਸੀਨੀਅਰ ਅਧਿਕਾਰੀ ਹੋਵੇਗਾ:

ਪਰੰਤੂ ਇੱਕ ਨਵੀਂ ਕਾਰਜਕਾਰੀ ਕਮੇਟੀ ਇਸ ਦੇ ਅਧਿਲੰਘਣ ਤੋਂ ਛੇ ਮਹੀਨੇ ਦੇ ਅੰਦਰ ਬਣਾਈ ਜਾਵੇਗੀ:

ਪਰੰਤੂ ਇਹ ਹੋਰ ਕਿ ਜੇ ਕਾਰਜਕਾਰੀ ਕਮੇਟੀ ਦਾ ਗਠਨ ਛੇ ਮਹੀਨੇ ਦੀ ਅਨੁਬੰਧਤ ਮੁੱਦਤ ਅੰਦਰ ਨਹੀਂ ਕੀਤਾ ਜਾਂਦਾ ਹੈ, ਤਾਂ ਸ਼ਕਤਵਾਨ ਅਥਾਰਟੀ, ਲਿਖਤੀ ਰੂਪ ਵਿੱਚ ਕਾਰਨ ਕਲਮਬੰਦ ਕਰਕੇ, ਛੇ ਮਹੀਨੇ ਦੀ ਇੱਕ ਹੋਰ ਮੁੱਦਤ ਲਈ ਅਧਿਲੰਘਣ ਨੂੰ ਵਧਾ ਸਕੇਗੀ।

ਸ਼ਕਤਵਾਨ ਅਥਾਰਟੀ ਦੀਆਂ ਸ਼ਕਤੀਆਂ ਅਤੇ ਕਰਤੱਵ।

10. ਸ਼ਕਤਵਾਨ ਅਥਾਰਟੀ ਕੋਲ ਹੇਠ-ਲਿਖੀਆਂ ਸ਼ਕਤੀਆਂ ਅਤੇ ਕਰਤੱਵ ਹੋਣਗੇ,-

(ੳ) ਵਿਸ਼ੇਸ਼ ਪ੍ਰਯੋਜਨ ਗੱਡੀ ਦੀ ਬਣਤਰ ਨੂੰ ਸੌਖਾ ਬਣਾਉਣਾ;

(ਅ) ਵਿਸ਼ੇਸ਼ ਪ੍ਰਯੋਜਨ ਗੱਡੀ ਨੂੰ ਇਸ ਦੇ ਕਾਜਕਾਰਾਂ ਨੂੰ ਨਿਪਟਾਉਣ ਵਿੱਚ ਸੌਖਾ ਕਰਨਾ;

(ੲ) ਵਿਸ਼ੇਸ਼ ਪ੍ਰਯੋਜਨ ਗੱਡੀ ਅਤੇ ਅਲਾਟੀਆਂ ਵਿਚਕਾਰ ਸੇਵਾ ਖ਼ਰਚਿਆਂ, ਲੋੜੀਂਦੇ ਸਾਂਭ-ਸੰਭਾਲ ਦੀ ਕਿਸਮ ਅਤੇ ਗੁਣਵੱਤਾ ਜਾਂ ਕਿਸੇ ਹੋਰ ਮਾਮਲੇ ਦੇ ਸਵਾਲ ਤੇ ਕਿਸੇ ਵੀ ਝਗੜੇ ਨੂੰ ਹੱਲ ਕਰਨਾ;

(ਸ) ਵਿਸ਼ੇਸ਼ ਪ੍ਰਯੋਜਨ ਗੱਡੀ ਦੇ ਲੇਖਿਆਂ ਅਤੇ ਹੋਰ ਰਿਕਾਰਡਾਂ ਦਾ ਸਮੇਂ ਸਮੇਂ ਤੇ ਨਿਰੀਖਣ ਕਰਨਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਕੀ ਇਹ ਕਾਨੂੰਨ ਦੀ ਅਨੁਸਾਰਤਾ ਵਿੱਚ ਕੰਮ ਕਰ ਰਿਹਾ ਹੈ;

(ਹ) ਕਾਰਜਕਾਰੀ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਦੀ ਨਿਗਰਾਨੀ ਕਰਨਾ; ਅਤੇ

(ਕ) ਸੇਵਾ ਖ਼ਰਚਿਆਂ ਦੇ ਲਾਉਣ ਅਤੇ ਉਗਰਾਹੁਣ ਦੀ ਨਿਗਰਾਨੀ ਕਰਨਾ ਜੇਕਰ ਵਿਸ਼ੇਸ਼ ਪ੍ਰਯੋਜਨ ਗੱਡੀ ਇਸ ਤਰ੍ਹਾਂ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਅਤੇ ਸੁਚਾਰੂ ਸਾਂਭ-ਸੰਭਾਲ ਅਤੇ ਮੁਰੰਮਤ ਦੀ ਸਹੂਲਤ ਲਈ ਲੋੜੀਂਦੇ ਹੋਰ ਖ਼ਰਚਿਆਂ ਨੂੰ ਉਲਿਖਤ ਕਰਨਾ ਅਤੇ ਲਾਉਣਾ।

## ਅਧਿਆਏ-IV

## ਛੋਟ, ਦੇਣਦਾਰੀਆਂ ਅਤੇ ਸੇਵਾ ਖਰਚੇ

ਸੇਵਾ ਖ਼ਰਚੇ ਅਤੇ ਹੋਰ ਰਕਮਾਂ।

11. ਇਸ ਐਕਟ ਦੇ ਉਪਬੰਧਾਂ ਅਧੀਨ ਕਾਰਜਕਾਰੀ ਕਮੇਟੀ ਦੁਆਰਾ ਨਿਰਧਾਰਤ ਜਾਂ ਸ਼ਕਤਵਾਨ ਅਥਾਰਟੀ ਦੁਆਰਾ ਉਲਿਖਤ ਸਾਰੀਆਂ ਰਕਮਾਂ ਸੇਵਾ ਖ਼ਰਚਿਆਂ ਵਜੋਂ ਅਲਾਟੀ ਦੀ ਸੰਪੱਤੀ ਤੇ ਪਹਿਲਾ ਭਾਰ ਹੋਣਗੀਆਂ।

ਇੰਤਕਾਲ ਤੇ ਦੇਣਦਾਰੀ।

12. (1) ਇੱਕ ਮੂਲ ਅਲਾਟੀ ਦੁਆਰਾ ਖਰੀਦਦਾਰ, ਜ਼ਾਮਨ ਜਾਂ ਵਸੀਅਤ-ਪਾਤਰ ਜਾਂ ਇੰਤਕਾਲ-ਪਾਤਰ, ਜਿਹੀ ਕਿ ਸੂਰਤ ਹੋਵੇ, ਨੂੰ ਕਿਸੇ ਉਦਯੋਗਿਕ ਖੇਤਰ ਦੀ ਵਿਕਰੀ, ਵਸੀਅਤ ਜਾਂ ਇੰਤਕਾਲ ਕਰਨ ਤੇ ਬਾਅਦ ਵਾਲਾ, ਬਾਅਦ ਵਾਲੇ ਦੇ ਅਧਿਕਾਰ ਤੇ ਪ੍ਰਤੀਕੂਲ ਪ੍ਰਭਾਵ ਪਾਏ ਬਿਨਾਂ ਕਿ ਉਹ ਬਾਅਦ ਵਾਲੇ ਦੁਆਰਾ ਅਦਾ ਕੀਤੀ ਗਈ ਕਿਸੇ ਵੀ ਰਕਮ ਨੂੰ ਪਹਿਲਾਂ ਵਾਲੇ ਤੋਂ ਵਸੂਲ ਸਕੇ, ਵਿਕਰੀ, ਵਸੀਅਤ ਜਾਂ ਇੰਤਕਾਲ ਕਰਨ ਦੇ ਸਮੇਂ-ਅੰਤ-ਤੱਕ, ਧਾਰਾ 11 ਅਧੀਨ ਹਵਾਲਾ ਦਿੱਤੀਆਂ ਰਕਮਾਂ ਵਿੱਚੋਂ ਸਾਰੀਆਂ ਅਦਾਇਗੀਆਂ ਲਈ ਪਹਿਲੇ ਨਾਲ ਸਾਂਝੇ ਤੌਰ ਤੇ ਅਤੇ ਵੱਖਰੇ ਤੌਰ ਤੇ ਭਾਗੀ ਹੋਵੇਗਾ।

(2) ਉਪ-ਧਾਰਾ (1) ਵਿੱਚ ਦਰਸਾਇਆ ਗਿਆ ਕੋਈ ਵੀ ਖਰੀਦਦਾਰ, ਜਾਮਨ, ਵਸੀਅਤ-ਪਾਤਰ ਜਾਂ ਇੰਤਕਾਲ ਪਾਤਰ, ਅਲਾਟੀ ਦੇ ਵਿਰੁੱਧ ਧਾਰਾ 11 ਅਧੀਨ ਹਵਾਲਾ ਦਿੱਤੀਆਂ ਗਈਆਂ ਰਕਮਾਂ ਵਿੱਚੋਂ ਅਦਾਇਗੀ ਨਾ ਕੀਤੇ ਗਏ ਬਕਾਏ ਦੱਸਦੇ ਹੋਏ ਕਾਰਜਕਾਰੀ ਕਮੇਟੀ ਤੋਂ ਇੱਕ ਬਿਆਨ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ।

ਭੋਂ ਮਾਲੀਏ ਦੇ ਬਕਾਏ ਵਜੋਂ ਵਸੂਲੀ।

13. ਜੇ ਕਾਰਜਕਾਰੀ ਕਮੇਟੀ ਦੁਆਰਾ ਜਾਰੀ ਕੀਤੇ ਗਏ ਨੋਟਿਸ 'ਤੇ, ਅਲਾਟੀ ਸੇਵਾ ਖ਼ਰਚਿਆਂ ਦੀ ਰਕਮ ਦੀ ਅਦਾਇਗੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ, ਤਾਂ ਕਾਰਜਕਾਰੀ ਕਮੇਟੀ ਲਈ ਸਬੰਧਤ ਕੁਲੈਕਟਰ ਰਾਹੀਂ ਭੋਂ ਮਾਲੀਏ ਦੇ ਬਕਾਏ ਵਜੋਂ ਇਸ ਦੀ ਵਸੂਲੀ ਲਈ ਕਾਰਵਾਈ ਕਰਨਾ ਕਾਨੂੰਨ ਸੰਗਤ ਹੋਵੇਗਾ।

ਅਪੀਲੀ ਅਥਾਰਟੀ ਅਤੇ ਅਪੀਲਾਂ।

14. ਰਾਜ ਸਰਕਾਰ, ਸਰਕਾਰੀ ਗਜ਼ਟ ਵਿੱਚ ਅਧਿਸੂਚਨਾ ਦੁਆਰਾ, ਕਿਸੇ ਅਥਾਰਟੀ ਨੂੰ ਅਧਿਸੂਚਤ ਜਾਂ ਪੰਜਾਬ ਸਰਕਾਰ ਦੇ ਕਿਸੇ ਅਧਿਕਾਰੀ ਨੂੰ ਜੋ ਪ੍ਰਮੁੱਖ ਸਕੱਤਰ ਦੇ ਰੈਂਕ ਤੋਂ ਥੱਲੇ ਨਾ ਹੋਵੇ, ਅਪੀਲੀ ਅਥਾਰਟੀ ਵਜੋਂ ਨਿਯੁਕਤ ਕਰ ਸਕੇਗੀ ਜਿਸ ਕੋਲ ਸ਼ਕਤਵਾਨ ਅਥਾਰਟੀ ਦੇ ਹੁਕਮਾਂ ਵਿਰੁੱਧ ਅਪੀਲਾਂ ਦਾ ਫ਼ੈਸਲਾ ਕਰਨ ਦੀਆਂ ਸ਼ਕਤੀਆਂ ਹੋਣ।

ਨਿਗਰਾਨੀ।

15. ਰਾਜ ਸਰਕਾਰ, ਆਪਣੇ ਆਪ ਜਾਂ ਅਜਿਹੇ ਹੁਕਮ ਦੇ ਸੰਸੂਚਤ ਹੋਣ ਦੀ ਤਰੀਕ ਤੋਂ ਸੱਠ ਦਿਨਾਂ ਅੰਦਰ ਕਿਸੇ ਹੁਕਮ ਤੋਂ ਦੁਖਤ ਕਿਸੇ ਵੀ ਧਿਰ ਦੀ ਦਰਖ਼ਾਸਤ 'ਤੇ, ਕਿਸੇ ਵੀ ਕਾਰਵਾਈ ਜਾਂ ਉਸ ਵਿੱਚ ਕੀਤੇ ਗਏ ਕਿਸੇ ਵੀ ਹੁਕਮ ਦੇ ਦਰੁੱਸਤ ਹੋਣ, ਕਾਨੂੰਨਤਾ ਜਾਂ ਉਚਿਤਤਾ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰਨ ਦੇ ਪ੍ਰਯੋਜਨ ਲਈ ਸ਼ਕਤਵਾਨ ਅਥਾਰਟੀ ਜਾਂ ਅਪੀਲੀ ਅਥਾਰਟੀ ਦੁਆਰਾ ਨਿਪਟਾਏ ਗਏ ਕਿਸੇ ਵੀ ਮਾਮਲੇ ਦਾ ਰਿਕਾਰਡ ਮੰਗ ਸਕਦੀ ਹੈ ਅਤੇ ਇਸ ਸਬੰਧੀ ਅਜਿਹਾ ਹੁਕਮ ਪਾਸ ਕਰ ਸਕੇਗੀ ਜੋ ਉਹ ਢੁੱਕਵਾਂ ਸਮਝੇ:

ਪਰੰਤੂ ਕਿਸੇ ਵਿਅਕਤੀ ਦੇ ਪ੍ਰਤੀਕੂਲ ਕੋਈ ਵੀ ਹੁਕਮ ਉਸ ਨੂੰ ਤਜਵੀਜ਼ਤ ਹੁਕਮ ਦੇ ਵਿਰੁੱਧ ਕਾਰਨ ਦੱਸਣ ਦਾ ਮੌਕਾ ਦਿੱਤੇ ਬਿਨਾਂ ਪਾਸ ਨਹੀਂ ਕੀਤਾ ਜਾਵੇਗਾ:

ਪਰੰਤੂ ਇਹ ਹੋਰ ਕਿ ਜਦੋਂ ਹੁਕਮ ਦੇ ਵਿਰੁੱਧ ਅਪੀਲ ਕੀਤੀ ਗਈ ਹੋਵੇ ਜਾਂ ਦਾਇਰ ਕੀਤੀ ਜਾ ਸਕਦੀ ਹੋਵੇ ਤਾਂ ਕੋਈ ਵੀ ਨਿਗਰਾਨੀ ਦਰਖ਼ਾਸਤ ਗ੍ਰਹਿਣ ਨਹੀਂ ਕੀਤੀ ਜਾਵੇਗੀ।

16. ਕਿਸੇ ਵੀ ਦੀਵਾਨੀ ਅਦਾਲਤ ਨੂੰ ਇਸ ਐਕਟ ਜਾਂ ਇਸ ਅਧੀਨ ਬਣਾਏ ਗਏ ਉਪ-ਕਾਨੂੰਨਾਂ ਅਧੀਨ ਪੈਦਾ ਹੋਣ ਵਾਲੇ ਮਾਮਲਿਆਂ ਨਾਲ ਸਬੰਧਤ ਕਿਸੇ ਵੀ ਸਵਾਲ ਨੂੰ ਗ੍ਰਹਿਣ ਜਾਂ ਫ਼ੈਸਲਾ ਕਰਨ ਦੀ ਅਧਿਕਾਰਤਾ ਨਹੀਂ ਹੋਵੇਗੀ। ਅਧਿਕਾਰਤਾ ਤੇ ਰੋਕ।

17. ਇਸ ਐਕਟ ਦੇ ਉਪਬੰਧ ਕਿਸੇ ਵੀ ਮੁਆਇਦੇ, ਵਚਨ ਜਾਂ ਹੋਰ ਦਸਤਾਵੇਜ਼ ਵਿੱਚ ਦਰਜ ਕਿਸੇ ਗੱਲ ਨਾਲ ਅਸੰਗਤ ਹੁੰਦਿਆਂ ਹੋਇਆਂ ਵੀ ਪ੍ਰਭਾਵੀ ਹੋਣਗੇ ਅਤੇ ਸਾਰੇ ਅਲਾਟੀ, ਜੋ ਕਿਸੇ ਵੀ ਤਰੀਕੇ ਨਾਲ ਸਾਂਝੇ ਅਧਾਰ-ਬਣਤ ਜਾਂ ਇਸ ਦੇ ਕਿਸੇ ਵੀ ਹਿੱਸੇ ਦੀ ਵਰਤੋਂ ਕਰਦੇ ਹਨ ਜਿਸ ਤੇ ਇਹ ਐਕਟ ਲਾਗੂ ਹੁੰਦਾ ਹੈ, ਇਸ ਐਕਟ ਅਤੇ ਇਸ ਦੇ ਅਧੀਨ ਬਣਾਏ ਗਏ ਉਪ-ਕਾਨੂੰਨਾਂ ਦੇ ਉਪਬੰਧਾਂ ਦੇ ਤਾਬੇ ਹੋਣਗੇ। ਐਕਟ ਦਾ ਸਾਰੇ ਅਲਾਟੀਆਂ ਤੇ ਬੰਧਨਕਾਰੀ ਹੋਣਾ।

18. ਜੇ ਕੋਈ ਵਿਕਾਸਕਾਰ ਜਾਂ ਅਲਾਟੀ ਇਸ ਐਕਟ ਦੇ ਕਿਸੇ ਉਪਬੰਧਾਂ ਦੀ ਉਲੰਘਣਾ ਕਰਦਾ ਹੈ ਜਾਂ ਕਿਸੇ ਉਪ-ਕਾਨੂੰਨਾਂ ਨੂੰ ਭੰਗ ਕਰਦਾ ਹੈ ਜਾਂ ਜਨਤਾ ਦੀ ਸਿਹਤ ਅਤੇ ਸੁਰੱਖਿਅਤਾ ਲਈ ਹਾਨੀਕਾਰਕ ਕੋਈ ਗੱਲ ਕਰਦਾ ਹੈ, ਤਾਂ ਸ਼ਕਤਵਾਨ ਅਥਾਰਟੀ, ਜਾਂ ਤਾਂ ਆਪਣੇ ਆਪ ਜਾਂ ਪ੍ਰਭਾਵਤ ਧਿਰ ਦੀ ਦਰਖ਼ਾਸਤ ਤੇ, ਕਾਰਨ ਦੱਸੋ ਨੋਟਿਸ ਜਾਰੀ ਕਰ ਸਕੇਗੀ ਕਿ ਡੰਨ ਕਿਉ ਨਹੀਂ ਲਗਾਇਆ ਜਾਣਾ ਚਾਹੀਦਾ ਅਤੇ ਜੇ ਕਾਫ਼ੀ ਕਾਰਨ ਨਹੀਂ ਦੱਸਿਆ ਜਾਂਦਾ ਹੈ, ਤਾਂ ਇਸ ਐਕਟ ਜਾਂ ਉਪ-ਕਾਨੂੰਨਾਂ ਦੇ ਉਪਬੰਧਾਂ ਦੀ ਖ਼ਿਲਾਫ਼ਵਰਜ਼ੀ ਕਾਰਨ ਹੋਏ ਅਸਲ ਅਤੇ/ ਜਾਂ ਸੰਭਾਵਿਤ ਨੁਕਸਾਨ ਦੇ ਸਮਾਨ ਡੰਨ ਲਗਾਇਆ ਜਾ ਸਕਦਾ ਹੈ। ਉਲੰਘਣਾ ਲਈ ਡੰਨ।

19. ਇਸ ਐਕਟ ਦੇ ਉਪਬੰਧ ਪੰਜਾਬ ਨਗਰਪਾਲਕ ਐਕਟ, 1911 (1911 ਦਾ ਪੰਜਾਬ ਐਕਟ ਨੰ: 3), ਪੰਜਾਬ ਨਗਰਪਾਲਕ ਨਿਗਮ ਐਕਟ, 1976 (1976 ਦਾ ਪੰਜਾਬ ਐਕਟ ਨੰ: 42) ਅਤੇ ਪੰਜਾਬ ਅਧਾਰ-ਬਣਤ (ਵਿਕਾਸ ਅਤੇ ਵਿਨਿਯਮਨ) ਐਕਟ, 2002 (2002 ਦਾ ਪੰਜਾਬ ਐਕਟ ਨੰ: 8) ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ ਪਰਮ ਪ੍ਰਭਾਵੀ ਹੋਣਗੇ ਅਤੇ ਇਹਨਾਂ ਐਕਟਾਂ ਦੇ ਉਪਬੰਧਾਂ ਦਾ ਇਸ ਐਕਟ ਅਧੀਨ ਉਪਬੰਧਤ ਕੀਤੀ ਗਈ ਹੱਦ ਤੱਕ ਮਾਮਲਿਆ ਤੇ ਕੋਈ ਪ੍ਰਭਾਵ ਨਹੀਂ ਪਵੇਗਾ। ਪਰਮ ਪ੍ਰਭਾਵੀ ਹੋਣਾ।

20. ਜੇ ਰਾਜ ਸਰਕਾਰ ਦੀ ਇਸ ਤਰ੍ਹਾਂ ਕਰਨਾ ਸੋਚੀ ਸਮਝੀ ਰਾਏ ਹੈ, ਤਾਂ ਉਹ ਇਸ ਐਕਟ ਅਧੀਨ ਅਧਿਸੂਚਤ ਕਿਸੇ ਵੀ ਉਦਯੋਗਿਕ ਖੇਤਰ ਦੀ ਅਧਿਸੂਚਨਾ ਵਾਪਸ ਲੈ ਸਕੇਗੀ ਅਤੇ ਅਜਿਹੀ ਸਥਿਤੀ ਵਿੱਚ ਉਸ ਉਦਯੋਗਿਕ ਖੇਤਰ ਲਈ ਵਿਸ਼ੇਸ਼ ਪ੍ਰਯੋਜਨ ਗੱਡੀ ਭੰਗ ਹੋ ਜਾਵੇਗਾ ਅਤੇ ਰਾਜ ਸਰਕਾਰ ਪਰਿਣਾਮਕ ਮਾਮਲਿਆਂ ਸਬੰਧੀ ਇੱਕ ਹੁਕਮ ਪਾਸ ਕਰ ਸਕੇਗੀ, ਜਿਵੇਂ ਇਹ ਉਚਿਤ ਸਮਝੇ। ਅਧਿਸੂਚਨਾ ਵਾਪਸੀ।

21. ਰਾਜ ਸਰਕਾਰ ਵਿਸ਼ੇਸ਼ ਪ੍ਰਯੋਜਨ ਗੱਡੀ ਦੁਆਰਾ ਪਾਸ ਕੀਤੇ ਗਏ ਕਿਸੇ ਮਤੇ ਨੂੰ ਮੁਅੱਤਲ ਜਾਂ ਰੱਦ ਕਰਨ ਦੇ ਨਿਰਦੇਸ਼ ਦੇ ਸਕੇਗੀ ਜੋ ਇਸ ਦੇ ਉਦੇਸ਼ਾਂ ਅਤੇ ਉਪ-ਕਾਨੂੰਨਾਂ ਦੀ ਉਲੰਘਣਾ ਕਰਦਾ ਹੈ। ਅਜਿਹੇ ਨਿਰਦੇਸ਼ ਵਿਸ਼ੇਸ਼ ਪ੍ਰਯੋਜਨ ਗੱਡੀ 'ਤੇ ਬੰਧਨਕਾਰੀ ਹੋਣਗੇ। ਨਿਰਦੇਸ਼ ਦੀਆਂ ਸ਼ਕਤੀਆਂ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ। 22. ਜੇ ਇਸ ਐਕਟ ਦੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਲਈ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ, ਇੱਕ ਹੁਕਮ ਦੁਆਰਾ, ਜੋ ਇਸ ਐਕਟ ਦੇ ਉਪਬੰਧਾਂ ਦੇ ਅਸੰਗਤ ਨਾ ਹੋਵੇ, ਉਸ ਕਠਨਾਈ ਨੂੰ ਦੂਰ ਕਰ ਸਕੇਗੀ:

ਪਰੰਤੂ ਇਸ ਐਕਟ ਦੇ ਅਰੰਭ ਤੋਂ ਦੋ ਸਾਲਾਂ ਦੀ ਮੁੱਦਤ ਗੁਜ਼ਰਨ ਤੋਂ ਪਿੱਛੋਂ ਅਜਿਹਾ ਕੋਈ ਹੁਕਮ ਨਹੀਂ ਕੀਤਾ ਜਾਵੇਗਾ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3592/12-2025/Pb. Govt. Press, S.A.S. Nagar*

**ਭਾਗ–I**

**ਪੰਜਾਬ ਸਰਕਾਰ**

ਕਾਨੂੰਨੀ ਅਤੇ ਵਿਧਾਨਿਕ ਕਾਰ–ਵਿਹਾਰ ਵਿਭਾਗ

**ਅਧਿਸੂਚਨਾ**

ਮਿਤੀ 24 ਦਸੰਬਰ, 2025

ਨੰ: 66/ਭ.ਕ./2025.– ਰਿਆਤ ਬਾਹਰਾ ਯੂਨੀਵਰਸਿਟੀ ਐਕਟ, 2014 ਦਾ ਪੰਜਾਬੀ ਅਨੁਵਾਦ ਰਾਜਪਾਲ ਪੰਜਾਬ ਦੀ ਸਤਾ ਨਾਲ ਪ੍ਰਕਾਸ਼ਤ ਕੀਤਾ ਜਾਂਦਾ ਹੈ ਅਤੇ ਪੰਜਾਬ ਰਾਜ ਭਾਸ਼ਾ ਐਕਟ, 1967 (1967 ਦਾ ਪੰਜਾਬ ਐਕਟ ਨੰ: 5) ਦੀ ਧਾਰਾ 6–ੳ ਅਧੀਨ ਇਹ ਉਸ ਦਾ ਸੱਤਾਯੁਕਤ ਪਾਠ ਸਮਝਿਆ ਜਾਵੇਗਾ।

DEPARTMENT OF LEGAL AND LEGISLATIVE AFFAIRS

**NOTIFICATION**

The 24th December, 2025

**No. 66/L.C./2025.**- The Translation in Punjabi of the Rayat-Bahra University Act, 2014 is hereby published under the authority of the Governor of Punjab and shall be deemed to be the authoritative text thereof in Punjabi under section 6-A of the Punjab Official Language Act, 1967 (Punjab Act No. 5 of 1967).

## ਰਿਆਤ ਬਾਹਰਾ ਯੂਨੀਵਰਸਿਟੀ ਐਕਟ, 2014

(2014 ਦਾ ਪੰਜਾਬ ਐਕਟ ਨੰ: 16)

ਪੰਜਾਬ ਰਾਜ ਵਿੱਚ ਪੇਸ਼ੇਵਰ, ਡਾਕਟਰੀ, ਤਕਨੀਕੀ, ਆਮ ਸਿੱਖਿਆ, ਭਾਸ਼ਾ ਅਤੇ ਸਾਹਿਤ ਅਤੇ ਇਸ ਨਾਲ ਸਬੰਧਤ ਜਾਂ ਉਸਦੇ ਅਨੁਸੰਗਕ ਮਾਮਲਿਆਂ ਸਮੇਤ ਉਚੇਰੀ ਸਿੱਖਿਆ ਦੇ ਖੇਤਰ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ, ਸਿਖਲਾਈ ਅਤੇ ਸਬੰਧਤ ਸਰਗਰਮੀਆਂ ਦੀ ਸਾਰੇ ਪੱਧਰਾਂ ਤੇ ਵਿਵਸਥਾ ਕਰਨ ਦੇ ਪ੍ਰਯੋਜਨਾਂ ਨਾਲ ਰਿਆਤ ਬਾਹਰਾ ਯੂਨੀਵਰਸਿਟੀ, ਮੋਹਾਲੀ ਦੇ ਨਾਂ ਨਾਲ ਜਾਣੀ ਜਾਣ ਵਾਲੀ ਇੱਕ ਯੂਨੀਵਰਸਿਟੀ ਸਥਾਪਤ ਅਤੇ ਨਿਗਮਤ ਕਰਨ ਲਈ ਇੱਕ ਐਕਟ;

ਜਦੋਂ ਕਿ ਰਿਆਤ–ਬਾਹਰਾ ਗਰੁੱਪ ਆਫ ਇਸੰਟੀਚਿਊਟਸ–ਇੱਕ ਵਿੱਦਿਅਕ ਅਤੇ ਦਾਨ ਆਧਾਰੀ ਸੋਸਾਇਟੀ ਵੱਲੋਂ (2003–04 ਦੇ ਰਜਿਸਟਰੀਕਰਨ ਨੰ: 1258 ਰਾਹੀਂ ਰਜਿਸਟਰਸ਼ੁਦਾ) ਪੰਜਾਬ ਨਿੱਜੀ ਯੂਨੀਵਰਸਿਟੀ ਨੀਤੀ, 2010, ਦੇ ਆਧਾਰ ਤੇ ਉਚੇਰੀ ਸਿੱਖਿਆ ਦੇ ਸਾਰੇ ਪੱਧਰਾਂ ਤੇ ਸਾਰੇ ਸਮਯੋਗਤਾ ਵਰਗਾਂ ਵਿੱਚ ਵਿਵਸਥਾ ਕਰਨ ਸਬੰਧੀ ਪੰਜਾਬ ਰਾਜ ਵਿੱਚ ਸਵੈ–ਵਿੱਤੀ ਪੋਸ਼ਣ ਯੂਨੀਵਰਸਿਟੀ ਸਥਾਪਤ ਕਰਨ ਲਈ ਰਾਜ ਸਰਕਾਰ ਨੂੰ ਤਜਵੀਜ਼ ਪੇਸ਼ ਕੀਤੀ ਗਈ ਸੀ;

ਜਦੋਂ ਕਿ ਰਾਜ ਸਰਕਾਰ ਉਕਤ ਸੋਸਾਇਟੀ ਦੀ ਦਰਸਾਈ ਤਜਵੀਜ਼ ਨੂੰ ਧਿਆਨ ਨਾਲ ਵਿਚਾਰਦੇ ਹੋਏ ਇਸ ਨਤੀਜੇ ਤੇ ਪਹੁੰਚੀ ਕਿ ਉਕਤ ਸੋਸਾਇਟੀ ਯੂਨੀਵਰਸਿਟੀ ਸਥਾਪਤ ਕਰਨ ਅਤੇ ਉਸ ਨੂੰ ਚਲਾਉਣ ਦੇ ਯੋਗ ਹੈ ਅਤੇ ਇਸ ਅਨੁਸਾਰ ਹੀ ਰਾਜ ਸਰਕਾਰ ਵੱਲੋਂ ਦਰਸਾਈ ਗਈ ਨਿੱਜੀ ਯੂਨੀਵਰਸਿਟੀ ਸਥਾਪਤ ਕਰਨ ਲਈ ਉਨ੍ਹਾਂ ਦੀ ਤਜਵੀਜ਼ ਸਵੀਕਾਰ ਕਰ ਲਈ ਗਈ ਹੈ;

ਅਤੇ ਜਦੋਂ ਕਿ ਉਕਤ ਹਵਾਲਾ ਦਿੱਤੇ ਹਾਲਾਤਾਂ ਵਿੱਚ, ਉਪਰੋਕਤ ਦਰਸਾਏ ਗਏ ਪ੍ਰਯੋਜਨਾਂ ਲਈ ਰਿਆਤ ਬਾਹਰਾ ਯੂਨੀਵਰਸਿਟੀ ਦੀ ਸਥਾਪਨਾ ਕਰਨੀ ਉਚਿਤ ਸਮਝੀ ਜਾਂਦੀ ਹੈ।

ਭਾਰਤ ਗਣਰਾਜ ਦੇ ਪੈਂਹਠਵੇਂ ਸਾਲ ਵਿੱਚ ਪੰਜਾਬ ਰਾਜ ਦੇ ਵਿਧਾਨ ਮੰਡਲ ਦੁਆਰਾ ਹੇਠ ਲਿਖੇ ਅਨੁਸਾਰ ਇਹ ਐਕਟ ਬਣੇ:-

ਸੰਖੇਪ ਨਾਂ ਅਤੇ ਅਰੰਭ।

1. (1) ਇਸ ਐਕਟ ਨੂੰ ਰਿਆਤ ਬਾਹਰਾ ਯੂਨੀਵਰਸਿਟੀ ਐਕਟ, 2014 ਕਿਹਾ ਜਾ ਸਕੇਗਾ।

(2) ਇਹ ਤੁਰੰਤ ਨਾਫ਼ਜ਼ ਹੋਵੇਗਾ।

ਪਰਿਭਾਸ਼ਾਵਾਂ।

2. ਇਸ ਐਕਟ ਵਿੱਚ, ਜੇ ਪ੍ਰਸੰਗ ਹੋਰ ਤਰ੍ਹਾਂ ਨਾ ਲੋੜੇ,-

(ੳ) 'ਅਕਾਦਮਿਕ ਕੌਂਸਲ' ਦਾ ਮਤਲਬ ਹੈ ਯੂਨੀਵਰਸਿਟੀ ਦੀ ਅਕਾਦਮਿਕ ਕੌਂਸਲ;

(ਅ) 'ਅਥਾਰਟੀਆਂ' ਦਾ ਮਤਲਬ ਹੈ ਯੂਨੀਵਰਸਿਟੀ ਦੀਆਂ ਅਥਾਰਟੀਆਂ;

(ੲ) 'ਪ੍ਰਬੰਧ-ਬੋਰਡ' ਦਾ ਮਤਲਬ ਹੈ ਯੂਨੀਵਰਸਿਟੀ ਦਾ ਪ੍ਰਬੰਧ ਬੋਰਡ;

(ਸ) 'ਅਧਿਐਨ ਬੋਰਡ' ਦਾ ਮਤਲਬ ਹੈ ਸ਼ਾਸਕ ਬੌਡੀ ਦੁਆਰਾ ਗਠਤ ਕੀਤੀ ਗਈ ਇੱਕ ਬੌਡੀ;

(ਹ) 'ਕੈਂਪਸ' ਦਾ ਮਤਲਬ ਹੈ ਜੁੜਵਾਂ ਖੇਤਰ ਜਿਸ ਵਿੱਚ ਯੂਨੀਵਰਸਿਟੀ ਸਥਿਤ ਹੈ;

(ਕ) 'ਚੇਅਰਮੈਨ' ਦਾ ਮਤਲਬ ਹੈ ਸੋਸਾਇਟੀ ਦਾ ਚੇਅਰਮੈਨ;

(ਖ) 'ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਚਾਂਸਲਰ;

(ਗ) 'ਮੁੱਖ ਵਿੱਤ ਅਤੇ ਲੇਖਾ ਅਧਿਕਾਰੀ' ਦਾ ਮਤਲਬ ਹੈ ਯੂਨੀਵਰਸਿਟੀ ਦਾ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ;

(ਘ) 'ਡੀਨ' ਦਾ ਮਤਲਬ ਹੈ ਯੂਨੀਵਰਸਿਟੀ ਦਾ ਡੀਨ;

(ਙ) 'ਸ਼ਾਸਕ ਬੌਡੀ' ਦਾ ਮਤਲਬ ਹੈ ਯੂਨੀਵਰਸਿਟੀ ਦੀ ਸ਼ਾਸਕ ਬੌਡੀ;

(ਚ) 'ਸੰਸਥਾ' ਦਾ ਮਤਲਬ ਹੈ ਕੈਂਪਸ ਦੇ ਅੰਦਰ ਯੂਨੀਵਰਸਿਟੀ ਦੁਆਰਾ ਚਲਾਈ ਜਾ ਰਹੀ ਜਾਂ ਪ੍ਰਬੰਧ ਕੀਤੀ ਗਈ ਜਾਂ ਸੰਬੱਧ ਕੀਤੀ ਗਈ ਕੋਈ ਸੰਸਥਾ ਜਾਂ ਕਾਲਜ ਜਾਂ ਅਕਾਦਮਿਕ ਕੇਂਦਰ (ਜੋ ਕਿ ਕਿਸੇ ਵੀ ਨਾਂ ਨਾਲ ਜਾਣਿਆ ਜਾਂਦਾ ਹੋਵੇ);

(ਛ) 'ਮੁਕੱਰਰ' ਦਾ ਮਤਲਬ ਹੈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਮੁਕੱਰਰ ਕੀਤਾ ਗਿਆ;

(ਜ) 'ਰਜਿਸਟਰਾਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਰਜਿਸਟਰਾਰ;

(ਝ) 'ਰਾਜ ਸਰਕਾਰ' ਦਾ ਮਤਲਬ ਹੈ ਪੰਜਾਬ ਰਾਜ ਦੀ ਸਰਕਾਰ;

(ਞ) 'ਪ੍ਰਵਿਧਾਨਾਂ', 'ਆਰਡੀਨੈਂਸਾਂ' ਅਤੇ 'ਵਿਨਿਯਮਾਂ' ਦਾ ਮਤਲਬ ਹੈ ਇਸ ਐਕਟ ਅਧੀਨ ਬਣੇ ਯੂਨੀਵਰਸਿਟੀ ਦੇ 'ਪ੍ਰਵਿਧਾਨ', 'ਆਰਡੀਨੈਂਸ' ਅਤੇ 'ਵਿਨਿਯਮ';

(ਟ) 'ਅਧਿਆਪਕ', ਜਿਸ ਵਿੱਚ ਪ੍ਰੋਫ਼ੈਸਰ, ਰੀਡਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਲੈਕਚਰਾਰ ਅਤੇ ਕੋਈ ਅਜਿਹਾ ਹੋਰ ਵਿਅਕਤੀ ਜੋ ਯੂਨੀਵਰਸਿਟੀ ਜਾਂ ਇਸ ਦੀ ਕਿਸੇ ਵੀ ਸੰਸਥਾਵਾਂ ਅਤੇ ਕੇਂਦਰਾਂ ਵਿੱਚ ਸਿੱਖਿਆ ਦਿੰਦਾ ਹੈ, ਸ਼ਾਮਲ ਹਨ;

(ਠ) 'ਸੋਸਾਇਟੀ' ਦਾ ਮਤਲਬ ਹੈ ਜੋ ਸੋਸਾਇਟੀ ਰਜਿਸਟ੍ਰੇਸ਼ਨ ਐਕਟ, 1860 (1860 ਦਾ XXI) ਅਧੀਨ ਰਜਿਸਟਰਸ਼ੁਦਾ ਰਿਆਤ-ਬਾਹਰਾ ਗਰੁਪ ਆਫ ਇਸੰਟੀਚਿਊਟਸ-ਇੱਕ ਵਿਦਿਅਕ ਅਤੇ ਦਾਨ-ਆਧਾਰੀ ਸੋਸਾਇਟੀ;

(ਡ) 'ਯੂਨੀਵਰਸਿਟੀ' ਦਾ ਮਤਲਬ ਹੈ ਇਸ ਐਕਟ ਦੀ ਧਾਰਾ 3 ਅਧੀਨ ਸਥਾਪਤ ਰਿਆਤ-ਬਾਹਰਾ ਯੂਨੀਵਰਸਿਟੀ, ਮੋਹਾਲੀ;

(ਢ) 'ਵਾਈਸ-ਚਾਂਸਲਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਾਈਸ-ਚਾਂਸਲਰ; ਅਤੇ

(ਣ) 'ਵਿਜ਼ਿਟਰ' ਦਾ ਮਤਲਬ ਹੈ ਯੂਨੀਵਰਸਿਟੀ ਦਾ ਵਿਜ਼ਿਟਰ।

ਯੂਨੀਵਰਸਿਟੀ ਦੀ ਸਥਾਪਨਾ।

3. (1) ਪੰਜਾਬ ਰਾਜ ਵਿੱਚ ਰਿਆਤ ਬਾਹਰਾ ਯੂਨੀਵਰਸਿਟੀ, ਮੋਹਾਲੀ ਦੇ ਨਾਂ ਨਾਲ ਇੱਕ ਪ੍ਰਾਈਵੇਟ ਯੂਨੀਵਰਸਿਟੀ ਸਥਾਪਤ ਕੀਤੀ ਜਾਵੇਗੀ।

(2) ਯੂਨੀਵਰਸਿਟੀ ਇਸ ਐਕਟ ਦੇ ਉਪਬੰਧਾਂ ਦੀ ਅਨੁਸਾਰਤਾ ਵਿੱਚ ਸੋਸਾਇਟੀ ਦੁਆਰਾ ਚਲਾਈ ਅਤੇ ਪ੍ਰਬੰਧਤ ਕੀਤੀ ਜਾਵੇਗੀ।

(3) ਯੂਨੀਵਰਸਿਟੀ ਉਪ-ਧਾਰਾ (1) ਵਿੱਚ ਜ਼ਿਕਰ ਕੀਤੇ ਨਾਂ ਦੁਆਰਾ ਇੱਕ ਨਿਗਮਤ ਬੌਡੀ ਹੋਵੇਗੀ ਅਤੇ ਇਸ ਦਾ ਸਦੀਵੀ ਉਤਰਾਧਿਕਾਰ ਹੋਵੇਗਾ ਅਤੇ ਇਸ ਦੀ ਇੱਕ ਸਾਂਝੀ ਮੁਹਰ ਹੋਵੇਗੀ। ਇਸ ਕੋਲ ਚੁੱਕਵੀਂ ਅਤੇ ਅਚੁੱਕਵੀਂ ਦੋਵੇਂ ਤਰ੍ਹਾਂ ਦੀਆਂ ਸੰਪੱਤੀਆਂ ਨੂੰ ਅਰਜਤ ਕਰਨ, ਪੱਟੇ ਤੇ ਦੇਣ, ਧਾਰਨ ਕਰਨ, ਗਿਰਵੀ ਰੱਖਣ ਅਤੇ ਉਸ ਦਾ ਨਿਬੇੜਾ ਕਰਨ ਅਤੇ ਮੁਆਇਦੇ ਕਰਨ ਦੀ ਸ਼ਕਤੀ ਹੋਵੇਗੀ ਅਤੇ ਉਕਤ ਨਾਂ ਨਾਲ ਉਹ ਦਾਵਾ ਕਰ ਸਕੇਗੀ ਅਤੇ ਉਸ ਤੇ ਦਾਵਾ ਕੀਤਾ ਜਾ ਸਕੇਗਾ।

(4) ਯੂਨੀਵਰਸਿਟੀ ਦਾ ਮੁੱਖ ਦਫ਼ਤਰ ਚੰਡੀਗੜ੍ਹ ਵਿਖੇ ਹੋਵੇਗਾ ਅਤੇ ਇਸ ਦਾ ਮੁੱਖ ਕੈਂਪਸ ਸਹੌੜਾ, ਤਹਿਸੀਲ ਖਰੜ, ਜ਼ਿਲ੍ਹਾ ਮੋਹਾਲੀ, ਪੰਜਾਬ ਵਿਖੇ ਹੋਵੇਗਾ।

(5) ਯੂਨੀਵਰਸਿਟੀ ਸਵੈ-ਵਿੱਤ ਪੋਸ਼ਣ ਹੋਵੇਗੀ ਅਤੇ ਇਹ ਰਾਜ ਸਰਕਾਰ ਪਾਸੋਂ ਕੋਈ ਗ੍ਰਾਂਟ ਜਾਂ ਹੋਰ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਹੱਕਦਾਰ ਨਹੀਂ ਹੋਵੇਗੀ।

ਯੂਨੀਵਰਸਿਟੀ ਦੇ ਉਦੇਸ਼।

4. ਯੂਨੀਵਰਸਿਟੀ ਦੇ ਹੇਠ-ਲਿਖੇ ਉਦੇਸ਼ ਹੋਣਗੇ,-

(i) ਸਮਾਜ ਅਤੇ ਉਦਯੋਗ ਦੀਆਂ ਆਮ ਜ਼ਰੂਰਤਾਂ ਅਨੁਸਾਰ ਜਿਵੇਂ ਕਿ ਯੂਨੀਵਰਸਿਟੀ ਦੁਆਰਾ ਸਿੱਖਿਆ ਦੀਆਂ ਸਾਰੀਆਂ ਵਿਧੀਆਂ ਰਾਹੀਂ ਜ਼ਰੂਰੀ ਸਮਝਿਆ ਜਾਵੇ, ਜੋ ਭਵਿੱਖ ਵਿੱਚ ਉੱਭਰ ਸਕਦੇ ਹਨ, ਉੱਚ ਸਿੱਖਿਆ ਦੇ ਸਾਰੇ ਵਿਸ਼ਿਆਂ ਵਿੱਚ

ਸਾਰੇ ਪੱਧਰਾਂ ਤੇ ਅਤੇ ਕੋਈ ਹੋਰ ਸਮਯੋਗਤਾ ਵਰਗ ਅਤੇ ਵਿਸ਼ੇ ਵਿੱਚ ਸਿੱਖਿਆ, ਅਧਿਆਪਨ, ਵਿੱਦਿਆ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨਾ ਜਿਸ ਵਿੱਚ ਪੇਸ਼ੇਵਰ, ਮੈਡੀਕਲ, ਤਕਨੀਕੀ, ਆਮ ਸਿੱਖਿਆ ਸ਼ਾਮਲ ਹਨ;

(ii) ਪੇਂਡੂ ਵਿਦਿਆਰਥੀਆਂ ਦੇ ਅਕਾਦਮਿਕ ਅਭਿਲਾਸ਼ਾਵਾਂ ਨੂੰ ਪ੍ਰਫੁੱਲਤ ਕਰਨਾ;

(iii) ਉਦਯੋਗ ਆਧਾਰਤ ਅਧਿਆਪਨ, ਸਿਖਲਾਈ ਅਤੇ ਖੋਜ ਦੇ ਵਿਸਤਾਰ ਪ੍ਰੋਗਰਾਮਾਂ ਨੂੰ ਜ਼ਿੰਮੇ ਲੈਣਾ ਅਤੇ ਸਮਾਜ ਦੇ ਵਿਕਾਸ ਵਿੱਚ ਯੋਗਦਾਨ ਦੇਣ ਦੀ ਦ੍ਰਿਸ਼ਟੀ ਤੋਂ ਰੁਜ਼ਗਾਰ ਯੋਗ ਹੁਨਰ ਪ੍ਰਦਾਨ ਕਰਨਾ;

(iv) ਖੋਜ, ਸਿਰਜਨ, ਗਿਆਨ, ਬੁੱਧੀ ਅਤੇ ਸਮਝ ਦੀ ਉੱਨਤੀ ਅਤੇ ਪ੍ਰਸਾਰ ਕਰਨ ਲਈ ਵਿਵਸਥਾ ਕਰਨਾ;

(v) ਅਕਾਦਮਿਕ ਉਦਯੋਗ ਸਬੰਧ ਲਈ ਮੁੱਖ ਉਦਯੋਗਿਕ ਘਰਾਣਿਆਂ ਨੂੰ ਕੈਂਪਸ ਵਿੱਚ ਉਨ੍ਹਾਂ ਦੀਆਂ ਆਪਣੀਆਂ-ਆਪਣੀਆਂ ਨਿਗਮਤ ਸੰਸਥਾਵਾਂ ਨੂੰ ਸਥਾਪਤ ਕਰਨ ਲਈ ਉਤਸ਼ਾਹਿਤ ਅਤੇ ਪ੍ਰੇਰਿਤ ਕਰਨਾ;

(vi) ਗਿਆਨ ਦਾ ਪ੍ਰਸਾਰ ਕਰਨਾ ਤਾਂ ਜੋ ਇਸ ਨੂੰ ਸਮਾਜ ਦੇ ਹਰ ਸਤਰ ਤੱਕ ਪਹੁੰਚਯੋਗ ਬਣਾਇਆ ਜਾ ਸਕੇ;

(vii) ਪੰਜਾਬੀ ਅਧਿਐਨ ਨੂੰ ਪ੍ਰਫੁੱਲਤ ਕਰਨਾ, ਪੰਜਾਬੀ ਭਾਸ਼ਾ ਅਤੇ ਸਾਹਿਤ ਦੀ ਖੋਜ ਲਈ ਵਿਵਸਥਾ ਕਰਨਾ ਅਤੇ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਵਿਕਾਸ ਲਈ ਉਪਾਅ ਕਰਨੇ; ਅਤੇ

(viii) ਅਜਿਹੀਆਂ ਸਭ ਗੱਲਾਂ ਕਰਨਾ ਜਿਵੇਂ ਕਿ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋਣ।

ਯੂਨੀਵਰਸਿਟੀ ਦੀਆਂ ਸ਼ਕਤੀਆਂ ਅਤੇ ਕਾਜਕਾਰ।

5. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਸ਼ਕਤੀਆਂ ਅਤੇ ਕਾਜਕਾਰ ਹੋਣਗੇ ਜੋ ਕਿ ਉਸ ਦੁਆਰਾ ਜਾਂ ਉਸ ਦੇ ਅਧਿਕਾਰੀਆਂ ਅਤੇ ਅਥਾਰਟੀਆਂ ਦੁਆਰਾ ਵਰਤੋਂ ਕੀਤੀਆਂ ਜਾਣਗੀਆਂ ਅਤੇ ਨਿਭਾਏ ਜਾਣਗੇ, ਅਰਥਾਤ:-

(i) ਅਧਿਐਨ, ਅਧਿਆਪਨ, ਸਿਖਲਾਈ, ਖੋਜ, ਮਸ਼ਵਰੇ ਦੇ ਕੋਰਸਾਂ ਨੂੰ ਸ਼ੁਰੂ ਕਰਨ ਦੇ ਬਾਰੇ (ਪਾਠਕ੍ਰਮ ਨੂੰ ਅਪਣਾਉਣ ਅਤੇ ਇਸ ਨੂੰ ਆਧੁਨਿਕ ਬਣਾਉਣ ਸਮੇਤ) ਅਤੇ ਕੋਰਸਾਂ ਨਾਲ ਸਬੰਧਤ ਆਨਲਾਈਨ ਸਿੱਖਿਆ ਦੀਆਂ ਵਿਧੀਆਂ ਸਮੇਤ, ਰਵਾਇਤੀ ਅਤੇ ਨਾਲ-ਨਾਲ ਨਵੇਂ ਨਵੀਨਕਾਰੀ ਵਿਧੀਆਂ ਰਾਹੀਂ ਸੰਬੱਧੀਕਰਨ ਪ੍ਰਦਾਨ ਕਰਨ ਲਈ ਸਾਰੇ ਉਪਾਅ ਕਰਨੇ ਅਤੇ ਵਿਵਸਥਾਵਾਂ ਕਰਨੀਆਂ;

(ii) ਡਾਕਟਰੇਟ, ਮਾਸਟਰਜ਼, ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟ ਪ੍ਰਦਾਨ ਕਰਨ ਜਾਂ ਜਾਰੀ ਕਰਨ ਲਈ ਪ੍ਰੀਖਿਆਵਾਂ ਕਰਵਾਉਣੀਆਂ;

(iii) ਜਿਵੇਂ ਕਿ ਯੂਨੀਵਰਸਿਟੀ ਦੁਆਰਾ ਇਸ ਦੇ ਕੈਂਪਸਾਂ ਜਾਂ ਇਸ ਦੀਆਂ ਸੰਸਥਾਵਾਂ ਲਈ ਲੋੜਿਆ ਜਾਵੇ ਉਸ ਅਨੁਸਾਰ ਪ੍ਰੋਫ਼ੈਸਰ, ਐਸੋਸੀਏਟ ਪ੍ਰੋਫ਼ੈਸਰ, ਸਹਾਇਕ ਪ੍ਰੋਫ਼ੈਸਰ, ਰੀਡਰ, ਲੈਕਚਰਾਰ ਜਾਂ ਇਸ ਦੇ ਬਰਾਬਰ ਦੇ ਕਿਸੇ ਹੋਰ ਅਹੁਦੇ ਨੂੰ ਸੰਸਥਿਤ ਅਤੇ ਪ੍ਰਦਾਨ ਕਰਨਾ ਅਤੇ ਅਜਿਹੇ ਤੌਰ 'ਤੇ ਵਿਅਕਤੀਆਂ ਦੀ ਨਿਯੁਕਤੀ ਕਰਨੀ;

(iv) ਫੈਲੋਸ਼ਿਪਾਂ, ਵਜ਼ੀਫ਼ੇ, ਵਿਦਿਆਰਥੀ-ਵਜੀਫ਼ੇ, ਪ੍ਰਦਰਸ਼ਨੀਆਂ ਨੂੰ ਸੰਸਥਿਤ ਕਰਨਾ ਅਤੇ ਦੇਣਾ, ਜਿਵੇਂ ਮੁਕੱਰਰ ਕੀਤਾ ਜਾਵੇ;

(v) ਉਨ੍ਹਾਂ ਵਿਦਿਆਰਥੀਆਂ ਨੂੰ ਜਿਨ੍ਹਾਂ ਵੱਲੋਂ ਭਾਰਤ ਜਾਂ ਬਦੇਸ਼ ਤੋਂ ਮਾਨਤਾ ਪ੍ਰਾਪਤ ਯੂਨੀਵਰਸਿਟੀ, ਬੋਰਡ ਜਾਂ ਪਰਿਸ਼ਦ ਜਾਂ ਕਿਸੇ ਹੋਰ ਸ਼ਕਤਵਾਨ ਅਥਾਰਟੀ ਤੋਂ ਅੰਸ਼ਕ ਜਾਂ ਪੂਰਨ ਤੌਰ ਤੇ ਕੋਰਸ

ਪੂਰੇ ਕੀਤੇ ਗਏ ਹਨ, ਉਹਨਾਂ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਨੂੰ ਬਰਾਬਰਤਾ ਪ੍ਰਦਾਨ ਕਰਨੀ;

(vi) ਪਰਸਪਰ ਆਧਾਰ ਤੇ ਹੋਰ ਯੂਨੀਵਰਸਿਟੀਆਂ ਦੀ ਤੁਲਨਾ ਵਿੱਚ ਦੋਹਰੀ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਪ੍ਰਦਾਨ ਕਰਨੇ;

(vii) ਕੇਂਦਰੀ ਲਾਇਬਰੇਰੀ, ਵਿਭਾਗੀ ਲਾਇਬਰੇਰੀਆਂ, ਅਜਾਇਬ-ਘਰ ਅਤੇ ਸਮਵਰਤੀ ਮਾਮਲਿਆਂ ਨੂੰ ਸਥਾਪਤ ਕਰਨਾ;

(viii) ਫ਼ੀਸਾਂ ਅਤੇ ਹੋਰ ਖਰਚਿਆਂ ਦੀ ਮੰਗ ਕਰਨੀ ਅਤੇ ਇਕੱਠਾ ਕਰਨਾ ਜਿਵੇਂ ਕਿ ਮੁਕੱਰਰ ਕੀਤਾ ਜਾਵੇ;

(ix) ਯੂਨੀਵਰਸਿਟੀ ਦੇ ਪੱਖ ਵਿੱਚ ਸਿਰਜੇ ਗਏ ਟ੍ਰਸਟ ਅਤੇ ਇੰਡੋਮੈਂਟਾਂ ਦੇ ਫ਼ੰਡਾਂ ਨੂੰ ਧਾਰਣ ਕਰਨਾ, ਉਨ੍ਹਾਂ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਨੂੰ ਚਲਾਉਣਾ;

(x) ਸਨਮਾਨਸੂਚਕ ਡਿਗਰੀਆਂ ਸੰਸਥਿਤ ਅਤੇ ਪ੍ਰਦਾਨ ਕਰਨੀਆਂ, ਜਿਵੇਂ ਮੁਕੱਰਰ ਕੀਤਾ ਜਾਵੇ;

(xi) ਅਕਾਦਮਿਕ ਉੱਤਮਤਾ ਦੇ ਕਾਰਜਾਂ ਨੂੰ ਛਾਪਣਾ ਅਤੇ ਪ੍ਰਕਾਸ਼ਿਤ ਕਰਨਾ ਅਤੇ ਉੱਤਮਤਾ ਦੀਆਂ ਪਦਵੀਆਂ ਸਥਾਪਤ ਕਰਨਾ;

(xii) ਸਮਾਜ ਦੇ ਸਿੱਖਿਅਕ ਤੌਰ ਤੇ ਪੱਛੜੇ ਸਤਰ ਵਿੱਚ ਸਿੱਖਿਅਕ ਸੁਵਿਧਾਵਾਂ ਦੇ ਪ੍ਰਸਾਰ ਲਈ ਵਿਸ਼ੇਸ਼ ਉਪਾਅ ਕਰਨੇ;

(xiii) ਖੇਡਾਂ ਨੂੰ ਉਤਸ਼ਾਹਿਤ ਅਤੇ ਪ੍ਰਫੁੱਲਤ ਕਰਨਾ;

(xiv) ਤਕਨੀਕੀ, ਪ੍ਰਬੰਧਕੀ, ਮਨਿਸਟੀਰੀਅਲ ਅਤੇ ਹੋਰ ਜ਼ਰੂਰੀ ਆਸਾਮੀਆਂ ਦੀ ਸਿਰਜਨਾ ਕਰਨਾ ਅਤੇ ਉਨ੍ਹਾਂ ਤੇ ਨਿਯੁਕਤੀਆਂ ਕਰਨਾ;

(xv) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਅਤੇ ਹੋਰ ਕੇਂਦਰੀ ਜਾਂ ਰਾਜ ਏਜੰਸੀਆਂ ਪਾਸੋਂ ਗ੍ਰਾਂਟਾਂ ਪ੍ਰਾਪਤ ਕਰਨੀਆਂ;

(xvi) ਯੂਨੀਵਰਸਿਟੀ ਲਈ ਉਧਾਰ ਲੈਣਾ ਅਤੇ ਪੇਸ਼ਗੀ ਰਕਮ ਨੂੰ ਪ੍ਰਾਪਤ ਕਰਨਾ;

(xvii) ਖੇਤੀਬਾੜੀ, ਉਦਯੋਗ ਅਤੇ ਕਾਰੋਬਾਰ ਦੇ ਬਾਰੇ ਪਰਸਪਰ ਤੌਰ ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ 'ਤੇ ਖੋਜ ਪ੍ਰੋਜੈਕਟਾਂ ਦਾ ਜ਼ਿੰਮਾ ਲੈਣਾ;

(xviii) ਮਸ਼ਵਰਾ ਸੇਵਾਵਾਂ ਮੁਹੱਈਆ ਕਰਨਾ;

(xix) ਯੂਨੀਵਰਸਿਟੀ ਦੇ ਅਧਿਆਪਕਾਂ, ਵਿਦਿਆਰਥੀਆਂ, ਅਤੇ ਕਰਮਚਾਰੀਆਂ ਦੇ ਸਖ਼ਸੀਅਤ ਵਿਕਾਸ ਲਈ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਉਤਸ਼ਾਹਿਤ ਕਰਨਾ ਅਤੇ ਪ੍ਰਫੁੱਲਤ ਕਰਨਾ;

(xx) ਯੂਨੀਵਰਸਿਟੀ ਵਿੱਚ ਨਿਹਿਤ ਜਾਂ ਯੂਨੀਵਰਸਿਟੀ ਨਾਲ ਸਬੰਧਤ ਕਿਸੇ ਚੁੱਕਵੀਂ ਜਾਂ ਅਚੁੱਕਵੀਂ ਸੰਪਤੀ ਨੂੰ ਖਰੀਦਣਾ, ਅਰਜਤ ਕਰਨਾ ਅਤੇ ਪੱਟੇ ਤੇ ਲੈਣਾ ਜਾਂ ਰਹਿਨ ਕਰਨਾ ਅਤੇ ਕਿਸੇ ਵੀ ਚੁੱਕਵੀਂ ਜਾਂ ਅਚੁੱਕਵੀਂ ਸੰਪੱਤੀ ਨੂੰ ਵੇਚਣਾ, ਪੱਟੇ ਤੇ ਦੇਣਾ, ਰਹਿਨ ਕਰਨਾ, ਹੱਥ ਬਦਲੀ ਕਰਨਾ ਅਤੇ ਇੰਤਕਾਲ ਕਰਨਾ;

(xxi) ਵਿਦਿਆਰਥੀਆਂ ਦੀਆਂ ਵੱਖ-ਵੱਖ ਸ੍ਰੇਣੀਆਂ ਲਈ ਫ਼ੀਸ ਢਾਂਚਾ ਮੁਕੱਰਰ ਕਰਨਾ;

(xxii) ਪਰਸਪਰ ਤੌਰ 'ਤੇ ਸਵੀਕਾਰਯੋਗ ਨਿਬੰਧਨਾਂ ਅਤੇ ਸ਼ਰਤਾਂ ਤੇ ਹੋਰ ਸੰਸਥਾਵਾਂ ਨਾਲ ਮਿਲਵਰਤਨ ਚਾਹੁਣਾ;

(xxiii) ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੇ ਗਏ ਮਾਪਦੰਡਾਂ ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਦੇ ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ, ਮਿਹਨਤਾਨੇ ਅਤੇ ਮਾਣ-ਅਰਥ ਭੇਟਾ ਨੂੰ ਨਿਸ਼ਚਿਤ ਕਰਨਾ, ਨਿਰਧਾਰਤ ਕਰਨਾ ਅਤੇ ਉਹਨਾਂ ਨੂੰ ਮੁਹੱਈਆ ਕਰਵਾਉਣਾ;

(xxiv) ਸਵੈ-ਤਸਦੀਕ ਕਰਨਾ ਜਿਸ ਨੂੰ ਰਾਜ ਸਰਕਾਰ ਜਾਂ ਰਾਜ ਸਰਕਾਰ ਦੁਆਰਾ ਸਥਾਪਤ ਕਿਸੇ ਹੋਰ ਸੰਸਥਾ ਤੋਂ ਕਿਸੇ ਆਗਿਆ, ਪ੍ਰਵਾਨਗੀ, ਲਸੰਸ, ਸਰਟੀਫਿਕੇਟ, ਇਤਰਾਜ਼ਹੀਣਤਾ ਸਰਟੀਫਿਕੇਟ ਜਾਂ ਅਧਿਕਾਰ ਪ੍ਰਾਪਤ ਕਰਨ ਤੋਂ ਛੋਟ ਦਿੱਤੀ ਜਾਵੇਗੀ;

(xxv) ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਸਿਰੇ ਚਾੜ੍ਹਨ ਲਈ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਨੂੰ ਬਣਾਉਣਾ; ਅਤੇ

(xxvi) ਅਜਿਹੇ ਹੋਰ ਸਾਰੇ ਕਾਜਕਾਰ ਕਰਨਾ, ਜੋ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਜ਼ਰੂਰੀ ਜਾਂ ਵਾਂਛਣੀ ਹੋ ਸਕਦੇ ਹੋਣ।

ਯੂਨੀਵਰਸਿਟੀ ਦੀ ਅਧਿਕਾਰਤਾ।

6. (1) ਯੂਨੀਵਰਸਿਟੀ ਆਪਣੇ ਕੈਂਪਸਾਂ ਦੇ ਅੰਦਰ ਹੀ ਆਪਣੀ ਅਧਿਕਾਰਤਾ ਦੀ ਵਰਤੋਂ ਕਰੇਗੀ।

(2) ਯੂਨੀਵਰਸਿਟੀ ਉਨ੍ਹਾਂ ਸਿੱਖਿਅਕ ਜਾਂ ਪੇਸ਼ਾਵਰ ਸੰਸਥਾਵਾਂ ਨੂੰ ਆਪਣੇ ਨਾਲ ਸੰਬੱਧ ਕਰੇਗੀ ਜਿਹੜੀਆਂ ਕੈਂਪਸ ਅੰਦਰ ਸੋਸਾਇਟੀ ਦੁਆਰਾ ਸਥਾਪਤ ਕੀਤੀਆਂ, ਚਲਾਈਆਂ ਜਾਂਦੀਆਂ ਹਨ ਜਾਂ ਉਹਨਾਂ ਦਾ ਪ੍ਰਬੰਧ ਕੀਤਾ ਜਾਂਦਾ ਹੈ ਜਿਨ੍ਹਾਂ ਬਾਬਤ ਸੋਸਾਇਟੀ ਦੁਆਰਾ ਇੱਕ ਵਿਸ਼ੇਸ਼ ਫ਼ੈਸਲਾ ਲਿਆ ਜਾਂਦਾ ਹੈ।

ਯੂਨੀਵਰਸਿਟੀ ਦੇ ਅਧਿਕਾਰੀ।

7. (1) ਯੂਨੀਵਰਸਿਟੀ ਦੇ ਹੇਠ-ਲਿਖੇ ਅਧਿਕਾਰੀ ਹੋਣਗੇ, ਅਰਥਾਤ:-

(i) ਵਿਜ਼ਿਟਰ;

(ii) ਚਾਂਸਲਰ;

(iii) ਵਾਈਸ-ਚਾਂਸਲਰ;

(iv) ਰਜਿਸਟਰਾਰ;

(v) ਫੈਕਲਟੀਆਂ ਦੇ ਡੀਨ;

(vi) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ; ਅਤੇ

(vii) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀ, ਜਿਨ੍ਹਾਂ ਨੂੰ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੇ ਅਧਿਕਾਰੀ ਐਲਾਨਿਆ ਜਾਵੇ।

ਵਿਜ਼ਿਟਰ। 8. (1) ਪੰਜਾਬ ਦਾ ਰਾਜਪਾਲ ਯੂਨੀਵਰਸਿਟੀ ਦਾ ਵਿਜ਼ਿਟਰ ਹੋਵੇਗਾ।

(2) ਵਿਜ਼ਿਟਰ ਯੂਨੀਵਰਸਿਟੀ ਦੇ ਡਿਗਰੀਆਂ ਅਤੇ ਡਿਪਲੋਮੇ ਪ੍ਰਦਾਨ ਕਰਨ ਲਈ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(3) ਵਿਜ਼ਿਟਰ ਨੂੰ ਯੂਨੀਵਰਸਿਟੀ ਦੇ ਮਾਮਲਿਆਂ ਸਬੰਧੀ ਕੋਈ ਵੀ ਸੂਚਨਾ ਮੰਗਣ ਦਾ ਅਧਿਕਾਰ ਹੋਵੇਗਾ।

(4) ਵਿਜ਼ਿਟਰ, ਚਾਂਸਲਰ ਨਾਲ ਮਸ਼ਵਰਾ ਕਰਕੇ, ਅਜਿਹੇ ਵਿਅਕਤੀ ਦੁਆਰਾ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਵਾ ਸਕੇਗਾ, ਜਿਵੇਂ ਕਿ ਉਹ ਯੂਨੀਵਰਸਿਟੀ ਦੇ ਪ੍ਰਬੰਧਕੀ, ਅਕਾਦਮਿਕ ਜਾਂ ਕਾਰਜਕਾਰੀ ਮਾਮਲਿਆਂ ਦੇ ਬਾਰੇ ਨਿਰਦੇਸ਼ ਦੇ ਸਕਦਾ ਹੋਵੇ।

(5) ਵਿਜ਼ਿਟਰ, ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਆਪਣੇ ਇਰਾਦੇ ਸਬੰਧੀ ਹਰੇਕ ਮਾਮਲੇ ਵਿੱਚ ਯੂਨੀਵਰਸਿਟੀ ਨੂੰ ਨੋਟਿਸ ਦੇਵੇਗਾ ਅਤੇ ਜਿਹੀ ਕਿ ਸੂਰਤ ਹੋਵੇ, ਯੂਨੀਵਰਸਿਟੀ ਆਪਣਾ ਇੱਕ ਪ੍ਰਤੀਨਿਧ ਨਿਯੁਕਤ ਕਰੇਗੀ ਜੋ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਕੋਈ ਹੋਰ ਗੱਲ ਕਰਨ ਦੇ ਸਮੇਂ ਹਾਜ਼ਰ ਰਹੇਗਾ।

(6) ਵਿਜ਼ਿਟਰ, ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਦੇ ਨਤੀਜਿਆਂ ਬਾਰੇ ਵਾਈਸ-ਚਾਂਸਲਰ ਨੂੰ ਸੂਚਿਤ ਕਰ ਸਕੇਗਾ ਅਤੇ ਵਾਈਸ-ਚਾਂਸਲਰ ਵਿਜ਼ਿਟਰ ਦੇ ਵਿਚਾਰਾਂ ਸਮੇਤ ਅਜਿਹੀ ਸਲਾਹ ਦੇ ਜੋ ਵਿਜ਼ਿਟਰ ਵੱਲੋਂ ਦਿੱਤੀ ਗਈ ਹੋਵੇ ਅਤੇ ਅਜਿਹੀ ਸਲਾਹ ਤੇ ਕੀਤੀ ਗਈ ਕਾਰਵਾਈ ਸਬੰਧੀ ਸ਼ਾਸਕ ਬੋਡੀ ਨੂੰ ਸੰਸੂਚਿਤ ਕਰੇਗਾ।

(7) ਵਾਈਸ-ਚਾਂਸਲਰ ਵਿਜ਼ਿਟਰ ਨੂੰ ਉਸ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਜਾਂ ਅਜਿਹੀ ਹੀ ਕਿਸੇ ਹੋਰ ਗੱਲ, ਜਿਹੀ ਕਿ ਸੂਰਤ ਹੋਵੇ, ਬਾਰੇ ਯੂਨੀਵਰਸਿਟੀ ਦੁਆਰਾ ਕੀਤੀ ਗਈ ਕਾਰਵਾਈ ਜਾਂ ਤਜਵੀਜ਼ ਕੀਤੀ ਗਈ ਕਾਰਵਾਈ ਬਾਰੇ ਸੂਚਿਤ ਕਰੇਗਾ।

(8) ਜੇ ਰਾਜ ਸਰਕਾਰ ਲੋਕ ਹਿੱਤ ਵਿੱਚ ਯੂਨੀਵਰਸਿਟੀ ਜਾਂ ਉਸ ਦੀਆਂ ਸੰਸਥਾਵਾਂ ਬਾਰੇ ਕਿਸੇ ਮਾਮਲੇ ਵਿੱਚ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ, ਜਿਹੀ ਕਿ ਸੂਰਤ ਹੋਵੇ, ਕਰਵਾਉਣੀ ਉਚਿਤ ਸਮਝਦੀ ਹੈ, ਤਾਂ ਰਾਜ ਸਰਕਾਰ ਦੁਆਰਾ ਇਸ ਬਾਰੇ ਵਿਜ਼ਿਟਰ ਨੂੰ ਹਵਾਲਾ ਕੀਤਾ ਜਾਵੇਗਾ ਜੋ ਚਾਂਸਲਰ ਨਾਲ ਮਸ਼ਵਰਾ ਕਰਕੇ ਅਜਿਹੇ ਨਿਰੀਖਣ, ਛਾਣਬੀਣ, ਪੁੱਛ-ਗਿੱਛ, ਸਰਵੇਖਣ ਜਾਂ ਜਾਂਚ-ਪੜਤਾਲ ਕਰਵਾਏਗਾ।

9. (1) ਚੇਅਰਮੈਨ, ਯੂਨੀਵਰਸਿਟੀ ਦਾ ਚਾਂਸਲਰ ਹੋਵੇਗਾ ਅਤੇ ਵਿਜ਼ਿਟਰ ਦੀ ਗੈਰ-ਹਾਜ਼ਰੀ ਵਿੱਚ, ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਚਾਂਸਲਰ ਕਰੇਗਾ। ਚਾਂਸਲਰ।

(2) ਚਾਂਸਲਰ ਸ਼ਾਸਕ ਬੌਡੀ ਦਾ ਚੇਅਰਮੈਨ ਹੋਵੇਗਾ ਅਤੇ ਉਹ ਆਪਣੇ-ਆਪ ਜਾਂ ਯੂਨੀਵਰਸਿਟੀ ਦੀ ਸਬੰਧਤ ਅਥਾਰਟੀ ਦੀ ਸਿਫ਼ਾਰਸ਼ ਤੇ ਯੂਨੀਵਰਸਿਟੀ ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਸਾਰੀਆਂ ਨਿਯੁਕਤੀਆਂ, ਨਾਮਜ਼ਦਗੀਆਂ, ਹਟਾਉਣਾ, ਮੁਅੱਤਲੀਆਂ ਅਤੇ ਮੁੜ-ਬਹਾਲੀਆਂ ਕਰਨ ਦੀ ਪ੍ਰਵਾਨਗੀ ਦੇਵੇਗਾ।

(3) ਚਾਂਸਲਰ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਵੱਲੋਂ ਲਏ ਗਏ ਕਿਸੇ ਵੀ ਫ਼ੈਸਲੇ ਨੂੰ ਸੋਧ ਜਾਂ ਉਸ ਨੂੰ ਪਰਤਾ ਸਕੇਗਾ ਅਤੇ ਆਪਣੇ-ਆਪ ਜਾਂ ਕਿਸੇ ਹੋਰ ਤਰ੍ਹਾਂ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਯੂਨੀਵਰਸਿਟੀ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਨੂੰ ਚੱਲਦੇ ਰੱਖਣ ਲਈ ਸਾਰੇ ਲੋੜੀਂਦੇ ਜ਼ਰੂਰੀ ਕੰਮ ਕਰ ਸਕੇਗਾ।

(4) ਚਾਂਸਲਰ ਕੋਲ ਯੂਨੀਵਰਸਿਟੀ ਦੇ ਉਦੇਸ਼ਾਂ ਨੂੰ ਅੱਗੇ ਵਧਾਉਣ ਲਈ ਅਤੇ ਇਸ ਨਾਲ ਅਨੁਸੰਗਕ ਕਿਸੇ ਮਾਮਲੇ ਸਬੰਧੀ ਸਾਰੇ ਅਜਿਹੇ ਹੋਰ ਕਾਜਕਾਰਾਂ ਨੂੰ

ਕਰਨ ਦੀਆਂ ਸ਼ਕਤੀਆਂ ਹੋਣਗੀਆਂ ਅਤੇ ਚਾਂਸਲਰ ਵੱਲੋਂ ਲਏ ਗਏ ਸਾਰੇ ਫ਼ੈਸਲੇ ਅੰਤਿਮ ਹੋਣਗੇ ਅਤੇ ਯੂਨੀਵਰਸਿਟੀ ਨਾਲ ਸਬੰਧਤ ਸਾਰਿਆਂ ਲਈ ਬੰਧਨਕਾਰੀ ਹੋਣਗੇ।

(5) ਜੇ, ਚਾਂਸਲਰ ਦੀ ਰਾਏ ਵਿੱਚ, ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਅਥਾਰਟੀ ਦਾ ਕੋਈ ਫ਼ੈਸਲਾ ਇਸ ਐਕਟ ਜਾਂ ਪ੍ਰਵਿਧਾਨਾਂ ਜਾਂ ਆਰਡੀਨੈਂਸਾਂ ਜਾਂ ਵਿਨਿਯਮਾਂ ਅਧੀਨ ਸੌਂਪੀਆਂ ਗਈਆਂ ਸ਼ਕਤੀਆਂ ਤੋਂ ਪਰ੍ਹੇ ਹੈ ਜਾਂ ਉਨ੍ਹਾਂ ਦਾ ਯੂਨੀਵਰਸਿਟੀ ਦੇ ਹਿੱਤਾਂ ਤੇ ਪ੍ਰਤੀਕੂਲ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਤਾਂ ਉਹ ਅਜਿਹੇ ਅਧਿਕਾਰੀ ਜਾਂ ਅਥਾਰਟੀ ਨੂੰ ਪੰਦਰਾਂ ਦਿਨਾਂ ਦੀ ਮੁੱਦਤ ਦੇ ਅੰਦਰ ਆਪਣੇ ਜਾਂ ਇਸ ਦੇ ਫ਼ੈਸਲੇ ਨੂੰ ਸੋਧਣ ਲਈ ਕਹੇਗਾ ਅਤੇ ਜੇਕਰ ਅਧਿਕਾਰੀ ਜਾਂ ਅਥਾਰਟੀ ਅਜਿਹੇ ਫ਼ੈਸਲੇ ਵਿੱਚ ਪੂਰਨ ਤੌਰ ਤੇ ਜਾਂ ਅੰਸ਼ਕ ਤੌਰ ਤੇ ਸੋਧ ਕਰਨ ਤੋਂ ਇਨਕਾਰ ਕਰਦੀ ਹੈ ਜਾਂ ਪੰਦਰਾਂ ਦਿਨ ਦੀ ਮੁੱਦਤ ਦੇ ਅੰਦਰ ਉਸ ਤੇ ਕੋਈ ਫ਼ੈਸਲਾ ਲੈਣ ਵਿੱਚ ਅਸਫ਼ਲ ਰਹਿੰਦੀ ਹੈ ਤਾਂ ਉਸ ਮਾਮਲੇ ਵਿੱਚ ਚਾਂਸਲਰ ਦਾ ਫ਼ੈਸਲਾ ਅੰਤਿਮ ਹੋਵੇਗਾ।

(6) ਜੇ, ਕਿਸੇ ਵੀ ਸਮੇਂ, ਕਿਸੇ ਪ੍ਰਤੀਬੇਨਤੀ ਦੇ ਪ੍ਰਾਪਤ ਹੋਣ 'ਤੇ ਜਾਂ ਹੋਰ ਤਰ੍ਹਾਂ ਚਾਂਸਲਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਜਾਂ ਕੋਈ ਹੋਰ ਅਧਿਕਾਰੀ ਵੱਲੋਂ,-

(ੳ) ਇਸ ਐਕਟ ਅਧੀਨ ਜਾਂ ਹੋਰ ਤਰ੍ਹਾਂ ਉਸ ਤੇ ਅਰੋਪੇ ਗਏ ਕਿਸੇ ਕਰਤੱਵ ਨੂੰ ਨਿਭਾਉਣ ਵਿੱਚ ਕੋਤਾਹੀ ਕੀਤੀ ਹੈ; ਜਾਂ

(ਅ) ਕੋਈ ਕਾਰਵਾਈ ਇਸ ਤਰੀਕੇ ਨਾਲ ਕੀਤੀ ਗਈ ਹੈ ਜੋ ਕਿ ਯੂਨੀਵਰਸਿਟੀ ਦੇ ਹਿੱਤਾਂ ਦੇ ਪ੍ਰਤੀਕੂਲ ਹੈ; ਜਾਂ

(ੲ) ਯੂਨੀਵਰਸਿਟੀ ਦੇ ਮਾਮਲਿਆਂ ਦਾ ਪ੍ਰਬੰਧਨ ਕਰਨ ਵਿੱਚ ਅਸਮਰੱਥ ਹੈ,

ਤਾਂ ਚਾਂਸਲਰ ਇਸ ਤੱਥ ਦੇ ਹੁੰਦਿਆਂ ਹੋਇਆਂ ਵੀ ਕਿ ਉਸ ਅਧਿਕਾਰੀ ਦੀ ਅਉਧ ਅਜੇ ਪੂਰੀ ਨਹੀਂ ਹੋਈ ਹੈ, ਲਿਖਤੀ ਹੁਕਮਾਂ ਦੁਆਰਾ ਕਾਰਨ ਦੱਸਦੇ ਹੋਏ ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਨੂੰ ਉਸ ਤਰੀਕ ਤੋਂ ਜਿਵੇਂ ਕਿ ਹੁਕਮਾਂ ਵਿੱਚ ਉਲਿਖਤ ਕੀਤੀ ਗਈ ਹੋਵੇ, ਉਸ ਤੋਂ ਆਪਣਾ ਅਹੁਦਾ ਛੱਡਣ ਦੀ ਲੋੜਨਾ ਕਰ

ਸਕਦਾ ਹੈ। ਵਾਈਸ-ਚਾਂਸਲਰ ਜਾਂ ਸਬੰਧਤ ਅਧਿਕਾਰੀ ਵੱਲੋਂ ਉਸ ਉਲਿਖਤ ਕੀਤੀ ਗਈ ਤਰੀਕ ਤੋਂ ਆਪਣਾ ਅਹੁਦਾ ਛੱਡਿਆ ਗਿਆ ਸਮਝਿਆ ਜਾਵੇਗਾ:

ਪਰੰਤੂ ਅਜਿਹਾ ਕੋਈ ਵੀ ਹੁਕਮ ਉਦੋਂ ਤੱਕ ਪਾਸ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਅਜਿਹੀ ਕਾਰਵਾਈ ਤਜਵੀਜ਼ਤ ਕਰਨ ਦੇ ਆਧਾਰ ਵਾਈਸ-ਚਾਂਸਲਰ ਨੂੰ ਜਾਂ ਅਧਿਕਾਰੀ ਨੂੰ ਸੰਸੂਚਿਤ ਨਹੀਂ ਕੀਤੇ ਜਾਂਦੇ ਅਤੇ ਉਸ ਨੂੰ ਉਸ ਤੇ ਸੁਣਵਾਈ ਦਾ ਵਾਜਬ ਮੌਕਾ ਨਹੀਂ ਦੇ ਦਿੱਤਾ ਜਾਂਦਾ।

10. (1) ਵਾਈਸ-ਚਾਂਸਲਰ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਚਾਂਸਲਰ ਦੁਆਰਾ ਨਿਯੁਕਤ ਕੀਤਾ ਜਾਵੇਗਾ। ਵਾਈਸ-ਚਾਂਸਲਰ।

(2) ਕਿਸੇ ਵੀ ਵਿਅਕਤੀ ਨੂੰ ਵਾਈਸ-ਚਾਂਸਲਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ, ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਵਾਈਸ-ਚਾਂਸਲਰ ਸਮੁੱਚੇ ਰੂਪ ਵਿੱਚ ਯੂਨੀਵਰਸਿਟੀ ਦਾ ਇੰਚਾਰਜ ਹੋਵੇਗਾ ਜੋ ਕਿ ਯੂਨੀਵਰਸਿਟੀ ਦੇ ਮਾਮਲਿਆਂ ਤੇ ਆਮ ਨਿਗਰਾਨੀ ਅਤੇ ਕੰਟਰੋਲ ਰੱਖੇਗਾ ਅਤੇ ਯੂਨੀਵਰਸਿਟੀ ਦੀਆਂ ਵੱਖ-ਵੱਖ ਅਥਾਰਟੀਆਂ ਦੇ ਫ਼ੈਸਲਿਆਂ ਨੂੰ ਤਕਮੀਲ ਕਰੇਗਾ।

(4) ਵਿਜ਼ਿਟਰ ਅਤੇ ਚਾਂਸਲਰ ਦੀ ਗੈਰ-ਹਾਜ਼ਰੀ ਦੀ ਸੂਰਤ ਵਿੱਚ ਵਾਈਸ-ਚਾਂਸਲਰ ਯੂਨੀਵਰਸਿਟੀ ਦੀ ਕਨਵੋਕੇਸ਼ਨ ਦੀ ਪ੍ਰਧਾਨਗੀ ਕਰੇਗਾ।

(5) ਵਾਈਸ-ਚਾਂਸਲਰ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਕਾਜਕਾਰਾਂ ਨੂੰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

11. (1) ਰਜਿਸਟਰਾਰ, ਚਾਂਸਲਰ ਦੁਆਰਾ ਸ਼ਾਸਕ ਬੌਡੀ ਵੱਲੋਂ ਸਿਫ਼ਾਰਸ਼ ਕੀਤੇ ਗਏ ਤਿੰਨ ਵਿਅਕਤੀਆਂ ਦੇ ਪੈਨਲ ਵਿੱਚੋਂ ਨਿਯੁਕਤ ਕੀਤਾ ਜਾਵੇਗਾ। ਰਜਿਸਟਰਾਰ।

(2) ਕਿਸੇ ਵੀ ਵਿਅਕਤੀ ਨੂੰ ਰਜਿਸਟਰਾਰ ਵਜੋਂ ਨਿਯੁਕਤ ਨਹੀਂ ਕੀਤਾ ਜਾਵੇਗਾ ਜਦੋਂ ਤੱਕ ਕਿ ਉਸ ਕੋਲ ਅਜਿਹੀਆਂ ਕਾਬਲੀਅਤਾਂ ਨਾ ਹੋਣ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੁਆਰਾ ਉਲਿਖਤ ਕੀਤੀਆਂ ਗਈਆਂ ਹੋਣ।

(3) ਰਜਿਸਟਰਾਰ ਯੂਨੀਵਰਸਿਟੀ ਲਈ ਅਤੇ ਉਸਦੇ ਨਮਿੱਤ ਸਾਰੇ ਮੁਆਇਦਿਆਂ ਤੇ ਦਸਖ਼ਤ ਕਰੇਗਾ ਅਤੇ ਸਾਰੇ ਦਸਤਾਵੇਜਾਂ ਜਾਂ ਰਿਕਾਰਡ ਨੂੰ ਪ੍ਰਮਾਣੀਕ ਕਰੇਗਾ।

(4) ਰਜਿਸਟਰਾਰ ਸ਼ਾਸਕ ਬੌਡੀ, ਪ੍ਰਬੰਧਕੀ ਬੋਰਡ ਅਤੇ ਅਕਾਦਮਿਕ ਕੌਂਸਲ ਦਾ ਮੈਂਬਰ-ਸਕੱਤਰ ਹੋਵੇਗਾ, ਪਰੰਤੂ ਉਸ ਕੋਲ ਵੋਟ ਦਾ ਅਧਿਕਾਰ ਨਹੀਂ ਹੋਵੇਗਾ।

(5) ਰਜਿਸਟਰਾਰ, ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਅਤੇ ਅਜਿਹੇ ਹੋਰ ਕਾਜਕਾਰ ਨਿਭਾਏਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

ਮੁੱਖ ਵਿੱਤ ਅਤੇ ਲੇਖਾ ਅਧਿਕਾਰੀ।

12. (1) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਚਾਂਸਲਰ ਦੁਆਰਾ ਅਜਿਹੇ ਤਰੀਕੇ ਨਾਲ ਨਿਯੁਕਤ ਕੀਤਾ ਜਾਵੇਗਾ, ਜਿਵੇਂ ਕਿ ਮੁਕੱਰਰ ਕੀਤਾ ਜਾਵੇ।

(2) ਕੋਈ ਵੀ ਵਿਅਕਤੀ ਉਦੋਂ ਤੱਕ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੇ ਤੌਰ ਤੇ ਨਿਯੁਕਤੀ ਲਈ ਕਾਬਲ ਨਹੀਂ ਹੋਵੇਗਾ, ਜਦੋਂ ਤੱਕ ਉਸ ਨੇ ਭਾਰਤੀ ਚਾਰਟਰਡ ਲੇਖਾਕਾਰ ਸੰਸਥਾ ਦੁਆਰਾ ਲਿਆ ਗਿਆ ਚਾਰਟਰਡ ਲੇਖਾਕਾਰੀ ਟੈਸਟ ਪਾਸ ਨਾ ਕੀਤਾ ਹੋਵੇ।

(3) ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਅਜਿਹੇ ਕਾਜਕਾਰ ਨਿਭਾਏਗਾ ਅਤੇ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ, ਜਿਵੇਂ ਮੁਕੱਰਰ ਕੀਤੀਆਂ ਜਾਣ।

ਹੋਰ ਅਧਿਕਾਰੀ।

13. (1) ਯੂਨੀਵਰਸਿਟੀ ਅਜਿਹੇ ਹੋਰ ਅਧਿਕਾਰੀ ਨਿਯੁਕਤ ਕਰ ਸਕਦੀ ਹੈ, ਜਿਵੇਂ ਉਹ ਉਸ ਦੇ ਕਾਜਕਾਰ ਦੇ ਸੁਯੋਗ ਸੰਚਾਲਨ ਲਈ ਜ਼ਰੂਰੀ ਸਮਝਦੀ ਹੋਵੇ।

(2) ਯੂਨੀਵਰਸਿਟੀ ਦੇ ਅਜਿਹੇ ਹੋਰ ਅਧਿਕਾਰੀਆਂ ਨੂੰ ਨਿਯੁਕਤ ਕਰਨ ਦਾ ਤਰੀਕਾ ਅਤੇ ਉਹਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾ ਸਕਦੇ ਹੋਣ।

ਯੂਨੀਵਰਸਿਟੀ ਦੀਆਂ ਅਥਾਰਟੀਆਂ।

14. ਯੂਨੀਵਰਸਿਟੀ ਦੀਆਂ ਹੇਠ-ਲਿਖੀਆਂ ਅਥਾਰਟੀਆਂ ਹੋਣਗੀਆਂ, ਅਰਥਾਤ:-

(ੳ) ਸ਼ਾਸ਼ਕ ਬੌਡੀ;

(ਅ) ਪ੍ਰਬੰਧਨ-ਬੋਰਡ;

(ੲ) ਅਕਾਦਮਿਕ ਕੌਂਸਲ; ਅਤੇ

(ਸ) ਅਜਿਹੀਆਂ ਹੋਰ ਅਥਾਰਟੀਆਂ, ਜਿਵੇਂ ਪ੍ਰਵਿਧਾਨਾਂ ਦੁਆਰਾ ਯੂਨੀਵਰਸਿਟੀ ਦੀਆਂ ਅਥਾਰਟੀਆਂ ਐਲਾਨੀਆਂ ਗਈਆਂ ਹੋਣ।

15. (1) ਯੂਨੀਵਰਸਿਟੀ ਦੀ ਸ਼ਾਸਕ ਬੌਡੀ ਹੇਠ-ਲਿਖੇ ਵਿਅਕਤੀਆਂ ਤੋਂ ਮਿਲ ਕੇ ਬਣੇਗੀ, ਅਰਥਾਤ:- ਸ਼ਾਸਕ ਬੌਡੀ।

| | | |
|---|---|---|
| (ੳ) | ਚਾਂਸਲਰ; | .. ਚੇਅਰਮੈਨ |
| (ਅ) | ਵਾਈਸ-ਚਾਂਸਲਰ; | .. ਮੈਂਬਰ |
| (ੲ) | ਸੋਸਾਇਟੀ ਵੱਲੋਂ ਨਾਮਜ਼ਦ ਕੀਤੇ ਤਿੰਨ ਵਿਅਕਤੀ, ਜਿਨ੍ਹਾਂ ਵਿੱਚੋਂ ਦੋ ਉੱਘੇ ਸਿੱਖਿਆ-ਸ਼ਾਸ਼ਤਰੀ ਹੋਣਗੇ; | .. ਮੈਂਬਰ |
| (ਸ) | ਪ੍ਰਬੰਧਨ ਜਾਂ ਸੂਚਨਾ ਤਕਨਾਲੋਜੀ ਦਾ ਇੱਕ ਮਾਹਿਰ ਵਿਅਕਤੀ; | .. ਮੈਂਬਰ |
| (ਹ) | ਚਾਂਸਲਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਵਿੱਤੀ ਮਾਹਿਰ; | .. ਮੈਂਬਰ |
| (ਕ) | ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਜਾਂ ਉਸ ਦਾ ਪ੍ਰਤੀਨਿਧ ਜੋ ਕਿ ਸੰਯੁਕਤ ਸਕੱਤਰ ਦੇ ਅਹੁਦੇ ਤੋਂ ਥੱਲੇ ਦਾ ਨਾ ਹੋਵੇ; ਅਤੇ | .. ਮੈਂਬਰ |
| (ਖ) | ਚਾਂਸਲਰ ਨਾਲ ਮਸ਼ਵਰਾ ਕਰਕੇ ਸਕੱਤਰ, ਉਚੇਰੀ ਸਿੱਖਿਆ ਵਿਭਾਗ, ਪੰਜਾਬ ਸਰਕਾਰ ਦੁਆਰਾ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਸਿੱਖਿਆ-ਸ਼ਾਸ਼ਤਰੀ। | .. ਮੈਂਬਰ |

(2) ਸ਼ਾਸਕ ਬੌਡੀ ਯੂਨੀਵਰਸਿਟੀ ਦੀ ਸਰਵ-ਉੱਚ ਬੌਡੀ ਹੋਵੇਗੀ। ਇਹ ਹੇਠ-ਲਿਖੇ ਕਾਜਕਾਰ ਨਿਭਾਏਗੀ, ਅਰਥਾਤ:-

(ੳ) ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੀ ਅਨੁਸਾਰਤਾ ਵਿੱਚ ਯੂਨੀਵਰਸਿਟੀ ਦੀ ਕਾਰਜਕਰਤਾ ਨੂੰ ਕੰਟਰੋਲ ਕਰਨ ਲਈ ਨਿਰਦੇਸ਼ ਦੇਣੇ ਅਤੇ ਆਮ ਨਿਗਰਾਨੀ ਪ੍ਰਦਾਨ ਕਰਨਾ;

(ਅ) ਯੂਨੀਵਰਸਿਟੀ ਦੀਆਂ ਹੋਰ ਅਥਾਰਟੀਆਂ ਦੇ ਫ਼ੈਸਲਿਆਂ ਦੀ ਨਜ਼ਰਸਾਨੀ ਕਰਨੀ ਜੇਕਰ ਉਹ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਰੂਪ ਨਾ ਹੋਣ;

(ੲ) ਯੂਨੀਵਰਸਿਟੀ ਦੀ ਸਲਾਨਾ ਰਿਪੋਰਟ ਅਤੇ ਬਜਟ ਨੂੰ ਪ੍ਰਵਾਨ ਕਰਨਾ;

(ਸ) ਯੂਨੀਵਰਸਿਟੀ ਦੁਆਰਾ ਅਪਣਾਈਆਂ ਜਾਣ ਵਾਲੀਆਂ ਵਿਸਤਰਿਤ ਨੀਤੀਆਂ ਨੂੰ ਨਿਯਤ ਕਰਨਾ; ਅਤੇ

(ਹ) ਪ੍ਰਵਿਧਾਨਾਂ ਦੁਆਰਾ ਮੁਕੱਰਰ ਕੀਤੀਆਂ ਗਈਆਂ ਅਜਿਹੀਆਂ ਹੋਰ ਸ਼ਕਤੀਆਂ ਦੀ ਵਰਤੋਂ ਕਰਨੀ।

(3) ਸ਼ਾਸਕ ਬੌਡੀ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗੀ।

(4) ਸ਼ਾਸਕ ਬੌਡੀ ਦੀ ਇਕੱਤਰਤਾ ਲਈ ਘੱਟੋ ਘੱਟ ਕੋਰਮ ਪੰਜ ਦਾ ਹੋਵੇਗਾ।

ਪ੍ਰਬੰਧਨ-ਬੋਰਡ 16. (1) ਪ੍ਰਬੰਧਨ-ਬੋਰਡ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗਾ, ਅਰਥਾਤ:-

| | | |
|---|---|---|
| (ੳ) | ਚਾਂਸਲਰ ਜਾਂ ਉਸ ਦਾ ਨਾਮਜ਼ਦ; | .. ਚੇਅਰਪਰਸਨ |
| (ਅ) | ਵਾਈਸ-ਚਾਂਸਲਰ | .. ਮੈਂਬਰ |
| (ੲ) | ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ, ਟਰੱਸਟ ਦੇ ਦੋ ਮੈਂਬਰ; | .. ਮੈਂਬਰ |
| (ਸ) | ਰਾਜ ਸਰਕਾਰ ਦੇ ਪ੍ਰਤੀਨਿਧ ਵਜੋਂ ਸਿੱਖਿਆ ਸਬੰਧੀ ਸਬੰਧਤ ਡਾਇਰੈਕਟੋਰੇਟ ਦਾ ਡਾਇਰੈਕਟਰ; | .. ਮੈਂਬਰ |

(ਹ) ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਤਿੰਨ ਵਿਅਕਤੀ ਜੋ ਸੋਸਾਇਟੀ ਦੇ ਮੈਂਬਰ ਨਹੀਂ ਹਨ; .. ਮੈਂਬਰ

(ਕ) ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ, ਅਧਿਆਪਕਾਂ ਵਿੱਚੋਂ ਦੋ ਵਿਅਕਤੀ; ਅਤੇ .. ਮੈਂਬਰ

(ਖ) ਚਾਂਸਲਰ ਦੁਆਰਾ ਨਾਮਜ਼ਦ ਕੀਤੇ ਗਏ ਦੋ ਅਧਿਆਪਕ। .. ਮੈਂਬਰ

(2) ਪ੍ਰਬੰਧਨ-ਬੋਰਡ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰੇਗਾ ਅਤੇ ਅਜਿਹੇ ਕਾਜਕਾਰ ਨਿਭਾਏਗਾ, ਜਿਵੇਂ ਮੁਕੱਰਰ ਕੀਤਾ ਜਾਵੇ।

(3) ਪ੍ਰਬੰਧਨ-ਬੋਰਡ ਕੈਲੰਡਰ ਸਾਲ ਵਿੱਚ ਘੱਟੋ-ਘੱਟ ਦੋ ਵਾਰ ਇਕੱਤਰਤਾ ਕਰੇਗਾ।

(4) ਪ੍ਰਬੰਧਨ-ਬੋਰਡ ਦੀ ਇਕੱਤਰਤਾ ਲਈ ਕੋਰਮ ਪੰਜ ਦਾ ਹੋਵੇਗਾ।

17. (1) ਅਕਾਦਮਿਕ ਕੌਂਸਲ ਹੇਠ-ਲਿਖੇ ਮੈਂਬਰਾਂ ਤੋਂ ਮਿਲਕੇ ਬਣੇਗੀ, ਅਰਥਾਤ:- ਅਕਾਦਮਿਕ ਕੌਂਸਲ।

(ੳ) ਵਾਈਸ-ਚਾਂਸਲਰ; .. ਚੇਅਰਪਰਸਨ

(ਅ) ਰਾਜ ਸਰਕਾਰ ਦੁਆਰਾ ਉਸ ਦੇ ਪ੍ਰਤੀਨਿਧ ਵਜੋਂ ਨਾਮਜ਼ਦ ਕੀਤਾ ਗਿਆ ਇੱਕ ਉੱਘਾ ਅਕਾਦਮਿਕ ਵਿਅਕਤੀ; ਅਤੇ .. ਮੈਂਬਰ

(ੲ) ਅਜਿਹੇ ਹੋਰ ਮੈਂਬਰ, ਜਿਵੇਂ ਮੁਕੱਰਰ ਕੀਤਾ ਜਾਵੇ। .. ਮੈਂਬਰ

(2) ਅਕਾਦਮਿਕ ਕੌਂਸਲ ਯੂਨੀਵਰਸਿਟੀ ਦੀ ਮੁੱਖ ਅਕਾਦਮਿਕ ਬੌਡੀ ਹੋਵੇਗੀ ਅਤੇ ਇਹ ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੇ ਉਪਬੰਧਾਂ ਦੇ ਤਾਬੇ, ਯੂਨੀਵਰਸਿਟੀ ਦੀਆਂ ਅਕਾਦਮਿਕ ਨੀਤੀਆਂ ਵਿੱਚ ਤਾਲਮੇਲ ਕਰੇਗੀ ਅਤੇ ਉਨ੍ਹਾਂ ਤੇ ਆਮ ਨਿਗਰਾਨੀ ਰੱਖੇਗੀ।

(3) ਅਕਾਦਮਿਕ ਕੌਂਸਲ ਦੀ ਇਕੱਤਰਤਾ ਦਾ ਕੋਰਮ ਅਜਿਹਾ ਹੋਵੇਗਾ, ਜਿਵੇਂ ਮੁਕੱਰਰ ਕੀਤਾ ਗਿਆ ਹੋਵੇ।

ਵਿੱਤ ਕਮੇਟੀ।

18. (1) ਵਿੱਤ ਕਮੇਟੀ ਹੇਠ-ਲਿਖੇ ਮੈਂਬਰਾਂ ਤੋਂ ਮਿਲ ਕੇ ਬਣੇਗੀ, ਅਰਥਾਤ:-

| | | | |
|---|---|---|---|
| (i) | ਵਾਈਸ-ਚਾਂਸਲਰ; | .. | ਚੇਅਰਪਰਸਨ |
| (ii) | ਡੀਨ, ਅਕਾਦਮਿਕ ਮਾਮਲੇ; | .. | ਮੈਂਬਰ |
| (iii) | ਯੂਨੀਵਰਸਿਟੀ ਦਾ ਰਜਿਸਟਰਾਰ; | .. | ਮੈਂਬਰ |
| (iv) | ਸੋਸਾਇਟੀ ਦੁਆਰਾ ਨਾਮਜ਼ਦ ਕੀਤੇ ਗਏ ਦੋ ਵਿਅਕਤੀ, ਜਿਨ੍ਹਾਂ ਵਿੱਚੋਂ ਇੱਕ ਵਿੱਤੀ ਮਾਹਿਰ ਹੋਵੇਗਾ; ਅਤੇ | .. | ਮੈਂਬਰ |
| (v) | ਮੁੱਖ ਵਿੱਤ ਅਤੇ ਲੇਖਾ ਅਧਿਕਾਰੀ। | .. | ਮੈਂਬਰ-ਸਕੱਤਰ |

(2) ਟਰੱਸਟ ਦੁਆਰਾ ਨਾਮਜ਼ਦ ਕੀਤੇ ਗਏ ਮੈਂਬਰ ਦੋ ਸਾਲ ਦੀ ਮੁੱਦਤ ਲਈ ਅਹੁਦਾ ਧਾਰਨ ਕਰਨਗੇ।

ਵਿੱਤ ਕਮੇਟੀ ਦੇ ਕਾਜਕਾਰ।

19. (1) ਮੁੱਖ ਲੇਖਾ ਅਤੇ ਵਿੱਤ ਅਧਿਕਾਰੀ ਲੋੜੀਂਦੇ ਦਸਤਾਵੇਜ਼ਾਂ ਨਾਲ, ਯੂਨੀਵਰਸਿਟੀ ਦਾ ਸਲਾਨਾ ਬਜਟ ਤਿਆਰ ਕਰਵਾਏਗਾ ਅਤੇ ਉਸ ਨੂੰ ਪ੍ਰਵਾਨਗੀ ਲਈ ਵਿੱਤ ਕਮੇਟੀ ਨੂੰ ਪੇਸ਼ ਕਰੇਗਾ। ਮੁੱਖ ਲੇਖਾ ਅਤੇ ਵਿੱਤ ਅਧਿਕਾਰੀ ਯੂਨੀਵਰਸਿਟੀ ਦੀ ਸਲਾਨਾ ਆਮਦਨ ਅਤੇ ਖਰਚਿਆਂ ਦੇ ਲੇਖੇ ਵੀ ਤਿਆਰ ਕਰਵਾਏਗਾ ਅਤੇ ਇਸ ਬਾਬਤ ਵਿੱਤ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਚਾਰਟਰਡ ਲੇਖਾਕਾਰ ਦੁਆਰਾ ਇਸ ਦਾ ਆਡਿਟ ਕਰਵਾਏਗਾ।

(2) ਵਿੱਤ ਕਮੇਟੀ ਦੁਆਰਾ ਪ੍ਰਵਾਨ ਕੀਤੇ ਗਏ ਬਜਟ ਨੂੰ ਯੂਨੀਵਰਸਿਟੀ ਦੀ ਆਮਦਨ ਅਤੇ ਖ਼ਰਚਿਆਂ ਦੇ ਆਡਿਟ ਬਾਬਤ ਨੋਟ ਸਮੇਤ, ਉਪ-ਧਾਰਾ (1) ਵਿੱਚ ਹਵਾਲਾ ਦਿੱਤੇ ਅਨੁਸਾਰ, ਚਾਂਸਲਰ ਦੀ ਪ੍ਰਵਾਨਗੀ ਲਈ ਉਸ ਅੱਗੇ ਪੇਸ਼ ਕੀਤਾ ਜਾਵੇਗਾ।

(3) ਵਿੱਤ ਕਮੇਟੀ ਯੂਨੀਵਰਸਿਟੀ ਦੇ ਵਿੱਤੀ ਮਾਮਲਿਆਂ ਤੇ ਚਾਂਸਲਰ ਨੂੰ ਸਲਾਹ ਦੇਵੇਗੀ।

20. ਧਾਰਾ 14 ਦੇ ਖੰਡ (iv) ਅਧੀਨ ਅਥਾਰਟੀਆਂ ਦੀ ਰਚਨਾ, ਗਠਨ, ਸ਼ਕਤੀਆਂ ਅਤੇ ਕਾਜਕਾਰ ਅਜਿਹੇ ਹੋਣਗੇ, ਜਿਵੇਂ ਮੁਕੱਰਰ ਕੀਤੇ ਜਾਣ। ਹੋਰ ਅਥਾਰਟੀਆਂ।

21. ਕੋਈ ਵਿਅਕਤੀ ਯੂਨੀਵਰਸਿਟੀ ਦੀ ਕਿਸੇ ਬੌਡੀ ਜਾਂ ਅਥਾਰਟੀਆਂ ਦਾ ਮੈਂਬਰ ਹੋਣ ਦੇ ਅਯੋਗ ਹੋ ਜਾਵੇਗਾ, ਜੇ ਉਹ, ਅਥਾਰਟੀ ਜਾਂ ਬੌਡੀ ਦੀ ਮੈਂਬਰਸ਼ਿੱਪ ਲਈ ਨਾਕਾਬਲੀਅਤਾਂ।

(i) ਵਿਗੜ-ਚਿਤ ਹੈ ਅਤੇ ਕਿਸੇ ਸ਼ਕਤਵਾਨ ਅਦਾਲਤ ਦੁਆਰਾ ਅਜਿਹਾ ਐਲਾਨਿਆ ਹੋਇਆ ਹੈ; ਜਾਂ

(ii) ਇੱਕ ਅਮੁੱਕਤ ਦਿਵਾਲੀਆ ਹੈ; ਜਾਂ

(iii) ਕਿਸੇ ਸਦਾਚਾਰਕ ਗਿਰਾਵਟ ਵਿੱਚ ਪਲਚੇ ਅਪਰਾਧ ਲਈ ਸਿੱਧ-ਦੋਸ਼ ਠਹਿਰਾਇਆ ਗਿਆ ਹੈ ; ਜਾਂ

(iv) ਕਿਸੇ ਵੀ ਰੂਪ ਵਿੱਚ ਕਿਸੇ ਪ੍ਰੀਖਿਆ ਦਾ ਸੰਚਾਲਣ ਕਰਨ ਵਿੱਚ ਕਿਸੇ ਅਣਉਚਿਤ ਆਚਰਣ ਨਾਲ ਖਚਿਤ ਹੋਣ ਕਰਕੇ ਜਾਂ ਉਸ ਨੂੰ ਵਧਾਵਾ ਦੇਣ ਕਾਰਨ ਸਜ਼ਾ-ਯਾਫ਼ਤਾ ਹੋ ਗਿਆ ਹੈ।

22. ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦੁਆਰਾ ਕੀਤਾ ਗਿਆ ਕੋਈ ਕਾਰਜ, ਜਾਂ ਕਾਰਵਾਈਆਂ ਸਿਰਫ਼ ਇਸ ਕਾਰਨ ਨਾਜਾਇਜ਼ ਨਹੀਂ ਹੋਣਗੀਆਂ ਕਿ:- ਖਾਲੀ ਥਾਵਾਂ ਕਾਰਨ ਕਾਰਜਾਂ ਜਾਂ ਕਾਰਵਾਈਆਂ ਦਾ ਨਾਜਾਇਜ਼ ਨ ਹੋਣਾ।

(ੳ) ਅਥਾਰਟੀ ਜਾਂ ਬੌਡੀ ਵਿੱਚ ਕੋਈ ਥਾਂ ਖ਼ਾਲੀ ਹੈ ਜਾਂ ਉਸ ਦੇ ਗਠਨ ਵਿੱਚ ਕੋਈ ਤਰੁੱਟੀ ਹੈ; ਜਾਂ

(ਅ) ਉਸ ਦੇ ਮੈਂਬਰ ਵਜੋਂ ਕਾਰਜ ਕਰ ਰਹੇ ਵਿਅਕਤੀ ਦੀ ਨਾਮਜ਼ਦਗੀ ਜਾਂ ਨਿਯੁਕਤੀ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ; ਜਾਂ

(ੲ) ਅਜਿਹੇ ਕਾਰਜ ਜਾਂ ਕਾਰਵਾਈ ਵਿੱਚ ਕੋਈ ਤਰੁੱਟੀ ਜਾਂ ਬੇਕਾਇਦਗੀ ਹੈ ਜੋ ਮਾਮਲੇ ਦੇ ਗੁਣਾਂ ਤੇ ਪ੍ਰਭਾਵ ਨਹੀਂ ਪਾਉਂਦੀ।

23. ਜੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਵਿੱਚ ਕਿਸੇ ਮੈਂਬਰ ਦੀ ਮੌਤ ਹੋ ਜਾਣ ਕਾਰਨ ਜਾਂ ਉਸ ਦੇ ਅਸਤੀਫ਼ੇ ਜਾਂ ਅਹੁਦੇ ਤੋਂ ਹਟਾਏ ਜਾਣ ਕਾਰਨ ਜਾਂ ਜਿਸ ਸਮਰੱਥਾ ਵਿੱਚ ਉਸ ਨੂੰ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਸੀ ਉਸ ਸੰਕਟਕਾਲੀ ਖ਼ਾਲੀ ਹੋਈਆਂ ਆਸਾਮੀਆਂ ਨੂੰ ਭਰਨਾ।

ਸਮਰੱਥਾ ਵਿੱਚ ਤਬਦੀਲੀ ਹੋ ਜਾਣ ਕਾਰਨ ਕੋਈ ਆਸਾਮੀ ਖ਼ਾਲੀ ਹੁੰਦੀ ਹੈ ਤਾਂ ਉਸ ਅਥਾਰਟੀ ਜਾਂ ਬੌਡੀ ਦੁਆਰਾ ਜਿਸ ਵੱਲੋਂ ਅਜਿਹੇ ਮੈਂਬਰ ਦੀ ਨਿਯੁਕਤੀ ਜਾਂ ਨਾਮਜ਼ਦਗੀ ਕੀਤੀ ਗਈ ਸੀ, ਜਿੰਨੀ ਛੇਤੀ ਸੰਭਵ ਹੋ ਸਕੇ ਉਸ ਆਸਾਮੀ ਨੂੰ ਭਰਿਆ ਜਾਵੇਗਾ:

ਪਰੰਤੂ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੀ ਸੰਕਟਕਾਲੀ ਖ਼ਾਲੀ ਹੋਈ ਆਸਾਮੀ ਤੇ ਨਿਯੁਕਤ ਜਾਂ ਨਾਮਜ਼ਦ ਕੀਤਾ ਗਿਆ ਵਿਅਕਤੀ, ਮੈਂਬਰ ਦੀ ਬਾਕੀ ਰਹਿੰਦੀ ਮਿਆਦ ਲਈ ਹੀ ਅਜਿਹੀ ਅਥਾਰਟੀ ਜਾਂ ਬੌਡੀ ਦੇ ਮੈਂਬਰ ਦੇ ਅਹੁਦੇ ਤੇ ਬਣਿਆ ਰਹੇਗਾ, ਜਿਸ ਦੀ ਥਾਂ ਤੇ ਉਸ ਨੂੰ ਨਿਯੁਕਤ ਜਾਂ ਨਾਮਜ਼ਦ, ਜਿਹੀ ਕਿ ਸੂਰਤ ਹੋਵੇ, ਕੀਤਾ ਗਿਆ ਹੈ।

ਕਮੇਟੀਆਂ।

24. ਯੂਨੀਵਰਸਿਟੀ ਦੀਆਂ ਅਥਾਰਟੀਆਂ ਜਾਂ ਅਧਿਕਾਰੀ ਅਜਿਹੀਆਂ ਕਮੇਟੀਆਂ ਦਾ ਗਠਨ ਕਰ ਸਕਦੇ ਹਨ, ਜੋ ਅਜਿਹੀਆਂ ਕਮੇਟੀਆਂ ਦੁਆਰਾ ਵਿਸ਼ੇਸ਼ ਕੰਮਾਂ ਨੂੰ ਕਰਨ ਲਈ ਜ਼ਰੂਰੀ ਹੋ ਸਕਦੀਆਂ ਹਨ। ਅਜਿਹੀਆਂ ਕਮੇਟੀਆਂ ਦਾ ਗਠਨ ਅਤੇ ਉਨ੍ਹਾਂ ਦੇ ਕਰਤੱਵ ਅਜਿਹੇ ਹੋਣਗੇ, ਜਿਵੇ ਮੁਕੱਰਰ ਕੀਤੇ ਜਾ ਸਕਣ।

ਪ੍ਰਵਿਧਾਨ ਬਣਾਉਣ ਦੀ ਸ਼ਕਤੀ।

25. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਪ੍ਰਵਿਧਾਨ ਬਣਾ ਸਕੇਗੀ ਜਾਂ ਉਨ੍ਹਾਂ ਨੂੰ ਸੋਧ ਜਾਂ ਨਿਰਸਤ ਕਰ ਸਕੇਗੀ।

(2) ਬਣਾਏ ਗਏ ਪ੍ਰਵਿਧਾਨ ਲਈ ਜਾਂ ਉਨਾਂ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਇਸ ਐਕਟ ਦੇ ਉਪਬੰਧਾਂ ਦੇ ਤਾਬੇ, ਪ੍ਰਵਿਧਾਨ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਦੀਆਂ ਅਥਾਰਟੀਆਂ ਅਤੇ ਹੋਰ ਬੌਡੀਆਂ, ਜੋ ਸਮੇਂ-ਸਮੇਂ ਤੇ ਗਠਤ ਕੀਤੀਆਂ ਗਈਆਂ ਹੋਣ, ਦੇ ਗਠਨ, ਸ਼ਕਤੀਆਂ ਅਤੇ ਕਾਜਕਾਰ;

(ii) ਵਾਈਸ-ਚਾਂਸਲਰ ਦੀ ਨਿਯੁਕਤੀ ਦੇ ਨਿਬੰਧਨ ਅਤੇ ਸ਼ਰਤਾਂ ਅਤੇ ਉਸ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iii) ਰਜਿਸਟਰਾਰ ਅਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(iv) ਹੋਰ ਅਧਿਕਾਰੀਆਂ ਅਤੇ ਅਧਿਆਪਕਾਂ ਦੀ ਨਿਯੁਕਤੀ ਦਾ ਤਰੀਕਾ, ਨਿਬੰਧਨ ਅਤੇ ਸ਼ਰਤਾਂ ਅਤੇ ਉਨਾਂ ਦੀਆਂ ਸ਼ਕਤੀਆਂ ਅਤੇ ਕਾਜਕਾਰ;

(v) ਯੂਨੀਵਰਸਿਟੀ ਦੇ ਕਰਮਚਾਰੀਆਂ ਦੇ ਸੇਵਾ ਦੇ ਨਿਬੰਧਨ ਅਤੇ ਸ਼ਰਤਾਂ;

(vi) ਯੂਨੀਵਰਸਿਟੀ, ਅਧਿਕਾਰੀਆਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਵਿਚਕਾਰ ਝਗੜੇ ਦੀ ਸੂਰਤ ਵਿੱਚ ਸਾਲਸੀ ਲਈ ਜ਼ਾਬਤਾ;

(vii) ਮਾਨ-ਅਰਥ ਡਿਗਰੀਆਂ ਪ੍ਰਦਾਨ ਕਰਨਾ;

(viii) ਵਿਦਿਆਰਥੀਆਂ ਨੂੰ ਟਿਊਸ਼ਨ ਫ਼ੀਸ ਦੀ ਅਦਾਇਗੀ ਤੋਂ ਛੋਟ ਦੇਣੀ ਅਤੇ ਉਨ੍ਹਾਂ ਨੂੰ ਵਜ਼ੀਫ਼ੇ ਅਤੇ ਫੈਲੋਸ਼ਿਪਾਂ ਪ੍ਰਦਾਨ ਕਰਨਾ;

(ix) ਦਾਖ਼ਲੇ ਦੀ ਨੀਤੀ ਜਿਸ ਵਿੱਚ ਸੀਟਾਂ ਦੇ ਰਾਖਵੇਂਕਰਨ ਦਾ ਵਿਨਿਯਮਨ ਸ਼ਾਮਲ ਹੈ;

(x) ਵੱਖ-ਵੱਖ ਕੋਰਸਾਂ ਵਿੱਚ ਸੀਟਾਂ ਦੀ ਗਿਣਤੀ; ਅਤੇ

(xi) ਇਸ ਐਕਟ ਅਧੀਨ ਸਾਰੇ ਹੋਰ ਮਾਮਲੇ ਜਿਨ੍ਹਾਂ ਲਈ ਪ੍ਰਵਿਧਾਨ ਬਣਾਉਣੇ ਲੋੜੀਂਦੇ ਹੋਣ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।

(5) ਰਾਜ ਸਰਕਾਰ ਯੂਨੀਵਰਸਿਟੀ ਵੱਲੋਂ ਪੇਸ਼ ਕੀਤੇ ਗਏ ਪ੍ਰਵਿਧਾਨਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਪ੍ਰਵਿਧਾਨਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਪ੍ਰਵਿਧਾਨਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ, ਅਤੇ ਜੇ ਯੂਨੀਵਰਸਿਟੀ ਰਾਜ ਸਰਕਾਰ ਦੁਆਰਾ ਕੀਤੇ ਗਏ ਕਿਸੇ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਉਸ ਲਈ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਪ੍ਰਵਿਧਾਨਾਂ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਬਾਅਦ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਪ੍ਰਵਿਧਾਨਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਆਰਡੀਨੈਂਸ ਬਣਾਉਣ ਦੀ ਸ਼ਕਤੀ।

26. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਆਰਡੀਨੈਂਸ ਬਣਾ ਸਕੇਗੀ, ਜਾਂ ਉਨ੍ਹਾਂ ਵਿੱਚ ਸੋਧ ਜਾਂ ਉਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਆਰਡੀਨੈਂਸ ਜਾਂ ਉਸ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਸ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਇਸ ਐਕਟ ਅਤੇ ਪ੍ਰਵਿਧਾਨਾਂ ਦੇ ਉਪਬੰਧਾਂ ਦੇ ਤਾਬੇ, ਆਰਡੀਨੈਂਸ ਹੇਠ-ਲਿਖੇ ਵਿਸ਼ਿਆਂ ਲਈ ਉਪਬੰਧ ਕਰ ਸਕਣਗੇ, ਅਰਥਾਤ:-

(i) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਦਾ ਦਾਖਲਾ ਅਤੇ ਉਸ ਅਨੁਸਾਰ ਉਨਾਂ ਦੇ ਨਾਂ ਦਰਜ ਕਰਨਾ;

(ii) ਯੂਨੀਵਰਸਿਟੀ ਦੀਆਂ ਡਿਗਰੀਆਂ, ਡਿਪਲੋਮੇ ਅਤੇ ਸਰਟੀਫਿਕੇਟਾਂ ਲਈ ਨਿਯਤ ਕੀਤੇ ਜਾਣ ਵਾਲੇ ਅਧਿਐਨ ਕੋਰਸ;

(iii) ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਅਤੇ ਹੋਰ ਅਕਾਦਮਿਕ ਉਪਾਧੀਆਂ;

(iv) ਯੂਨੀਵਰਸਿਟੀ ਦੇ ਭਿੰਨ-ਭਿੰਨ ਕੋਰਸਾਂ, ਪ੍ਰੀਖਿਆਵਾਂ, ਡਿਗਰੀਆਂ ਅਤੇ ਡਿਪਲੋਮਿਆਂ ਲਈ ਲਈਆਂ ਜਾਣ ਵਾਲੀਆਂ ਫ਼ੀਸਾਂ;

(v) ਫੈਲੋ-ਵਜ਼ੀਫੇ, ਵਜ਼ੀਫੇ, ਵਿਦਿਆਰਥੀ-ਵਜ਼ੀਫੇ, ਤਮਗੇ ਅਤੇ ਇਨਾਮ ਦੇਣ ਲਈ ਸ਼ਰਤਾਂ;

(vi) ਪਰੀਖਿਆਵਾਂ ਦਾ ਸੰਚਾਲਣ, ਜਿਸ ਵਿੱਚ ਪਰੀਖਿਅਕ ਬੌਡੀਆਂ, ਪਰੀਖਿਅਕਾਂ ਅਤੇ ਮਾਡਰੇਟਰਾਂ ਦੇ ਅਹੁਦੇ ਦੇ ਨਿਬੰਧਨ ਅਤੇ ਨਿਯੁਕਤੀ ਦਾ ਤਰੀਕਾ ਅਤੇ ਕਰਤੱਵ ਸ਼ਾਮਲ ਹਨ;

(vii) ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਲਈ ਹੋਸਟਲ ਸਹੂਲਤਾਂ ਦੀਆਂ ਸ਼ਰਤਾਂ;

(viii) ਯੂਨੀਵਰਸਿਟੀ ਦੇ ਵਿਦਿਆਰਥੀਆਂ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਕਰਨੀ;

(ix) ਯੂਨੀਵਰਸਿਟੀ ਦੇ ਅਕਾਦਮਿਕ ਮਿਆਰ ਨੂੰ ਸੁਧਾਰਨ ਲਈ ਜੋ ਜ਼ਰੂਰੀ ਸਮਝਿਆ ਜਾਂਦਾ ਹੈ, ਉਸ ਅਨੁਸਾਰ ਕਿਸੇ ਹੋਰ ਬੌਡੀ ਦੀ ਸਿਰਜਣਾ, ਰਚਨਾ ਅਤੇ ਕਾਜਕਾਰ;

(x) ਯੂਨੀਵਰਸਿਟੀਆਂ ਅਤੇ ਸੰਸਥਾਵਾਂ ਨਾਲ ਮਿਲ ਕੇ ਕੰਮ ਕਰਨ ਅਤੇ ਸਹਿਯੋਗ ਦੇਣ ਦਾ ਤਰੀਕਾ; ਅਤੇ

(xi) ਇਸ ਐਕਟ ਜਾਂ ਇਸ ਅਧੀਨ ਬਣੇ ਪ੍ਰਵਿਧਾਨਾਂ ਅਨੁਸਾਰ ਸਾਰੇ ਹੋਰ ਮਾਮਲੇ ਜਿਨ੍ਹਾਂ ਲਈ ਆਰਡੀਨੈਂਸਾਂ ਦੁਆਰਾ ਉਪਬੰਧ ਕੀਤਾ ਜਾਣਾ ਲੋੜੀਂਦਾ ਹੋਵੇ।

(4) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਆਰਡੀਨੈਂਸ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(5) ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਆਰਡੀਨੈਂਸਾਂ ਤੇ ਰਾਜ ਸਰਕਾਰ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਵਾਪਸ ਯੂਨੀਵਰਸਿਟੀ ਨੂੰ ਭੇਜ ਦੇਵੇਗੀ।

(6) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਆਰਡੀਨੈਂਸਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ

ਅਤੇ ਜੇ ਉਹ ਰਾਜ ਸਰਕਾਰ ਦੁਆਰਾ ਕੀਤੇ ਗਏ ਕਿਸੇ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਉਸ ਲਈ ਕਾਰਨ ਵੀ ਦੇ ਸਕੇਗੀ।

(7) ਰਾਜ ਸਰਕਾਰ ਦੁਆਰਾ ਆਰਡੀਨੈਂਸਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਬਾਅਦ, ਇਹਨਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(8) ਇਸ ਤਰ੍ਹਾਂ ਬਣਾਏ ਗਏ ਆਰਡੀਨੈਂਸਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

ਵਿਨਿਯਮ ਬਣਾਉਣ ਦੀ ਸ਼ਕਤੀ।

27. (1) ਸ਼ਾਸਕ ਬੌਡੀ, ਸਮੇਂ-ਸਮੇਂ ਤੇ, ਵਿਨਿਯਮ ਬਣਾ ਸਕੇਗੀ ਜਾਂ ਉਨ੍ਹਾਂ ਵਿੱਚ ਸੋਧ ਜਾਂ ਉਹਨਾਂ ਨੂੰ ਨਿਰਸਤ ਕਰ ਸਕੇਗੀ।

(2) ਹਰੇਕ ਬਣਾਏ ਗਏ ਵਿਨਿਯਮ ਜਾਂ ਉਨ੍ਹਾਂ ਵਿੱਚ ਕੀਤੀ ਗਈ ਕੋਈ ਸੋਧ ਜਾਂ ਉਨ੍ਹਾਂ ਦਾ ਨਿਰਸਨ ਚਾਂਸਲਰ ਦੀ ਪ੍ਰਵਾਨਗੀ ਲੋੜੇਗਾ।

(3) ਚਾਂਸਲਰ ਦੀ ਪ੍ਰਵਾਨਗੀ ਤੋਂ ਬਾਅਦ, ਯੂਨੀਵਰਸਿਟੀ ਦੇ ਵਿਨਿਯਮ ਰਾਜ ਸਰਕਾਰ ਨੂੰ ਉਸਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ।

(4) ਰਾਜ ਸਰਕਾਰ ਯੂਨੀਵਰਸਿਟੀ ਦੁਆਰਾ ਪੇਸ਼ ਕੀਤੇ ਗਏ ਵਿਨਿਯਮਾਂ ਤੇ ਵਿਚਾਰ ਕਰੇਗੀ ਅਤੇ ਬਿਨਾਂ ਰੂਪਭੇਦਾਂ ਤੋਂ ਜਾਂ ਅਜਿਹੇ ਰੂਪਭੇਦ ਕਰਦੇ ਹੋਏ, ਜੇ ਕੋਈ ਹੋਣ, ਜਿਵੇਂ ਉਹ ਜ਼ਰੂਰੀ ਸਮਝਦੀ ਹੋਵੇ, ਉਸ ਨੂੰ ਪ੍ਰਵਾਨਗੀ ਦੇਵੇਗੀ ਅਤੇ ਉਨ੍ਹਾਂ ਨੂੰ ਯੂਨੀਵਰਸਿਟੀ ਨੂੰ ਵਾਪਸ ਭੇਜ ਦੇਵੇਗੀ।

(5) ਯੂਨੀਵਰਸਿਟੀ, ਸ਼ਾਸਕ ਬੌਡੀ ਦੀ ਪ੍ਰਵਾਨਗੀ ਨਾਲ, ਰਾਜ ਸਰਕਾਰ ਦੁਆਰਾ ਪ੍ਰਵਾਨ ਕੀਤੇ ਗਏ ਵਿਨਿਯਮਾਂ ਤੇ ਆਪਣੀ ਸਹਿਮਤੀ ਸੰਸੂਚਤ ਕਰੇਗੀ ਅਤੇ ਜੇ ਉਹ ਰਾਜ ਸਰਕਾਰ ਦੁਆਰਾ ਕੀਤੇ ਗਏ ਕਿਸੇ ਜਾਂ ਸਾਰੇ ਰੂਪਭੇਦਾਂ ਨੂੰ ਪ੍ਰਭਾਵੀ ਬਣਾਉਣ ਦੀ ਇੱਛਾ ਨਹੀਂ ਰੱਖਦੀ ਤਾਂ ਉਹ ਉਸ ਲਈ ਕਾਰਨ ਵੀ ਦੇ ਸਕੇਗੀ।

(6) ਰਾਜ ਸਰਕਾਰ ਦੁਆਰਾ ਵਿਨਿਯਮਾਂ ਨੂੰ ਅੰਤਿਮ ਰੂਪ ਵਿੱਚ ਪ੍ਰਵਾਨ ਕਰਨ ਤੋਂ ਪਿੱਛੋਂ, ਇਨ੍ਹਾਂ ਨੂੰ ਯੂਨੀਵਰਸਿਟੀ ਦੇ ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਕੀਤਾ ਜਾਵੇਗਾ।

(7) ਇਸ ਤਰ੍ਹਾਂ ਬਣਾਏ ਗਏ ਵਿਨਿਯਮਾਂ ਨੂੰ ਰਾਜ ਸਰਕਾਰ ਦੀ ਪ੍ਰਵਾਨਗੀ ਤੋਂ ਬਿਨਾਂ ਸੋਧਿਆ ਨਹੀਂ ਜਾਵੇਗਾ।

28. (1) ਯੂਨੀਵਰਸਿਟੀ ਨੂੰ ਕੋਈ ਵੀ ਡਿਗਰੀਆਂ ਦੇਣ ਦੀ ਮਨਾਹੀ ਹੋਵੇਗੀ ਜੋ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਕੇਂਦਰੀ ਸਰਕਾਰ ਦੁਆਰਾ ਇਸ ਦੇ ਬਰਾਬਰ ਦੀ ਗਠਤ ਕੀਤੀ ਗਈ ਬੌਡੀ ਵੱਲੋਂ ਮਾਨਤਾ ਪ੍ਰਾਪਤ ਨਹੀਂ ਹਨ। ਯੂਨੀਵਰਸਿਟੀ ਵੱਲੋਂ ਵਿਨਿਯਮਤ ਬੌਡੀਆਂ ਦੇ ਨਿਯਮਾਂ, ਵਿਨਿਯਮਾਂ ਆਦਿ ਦੀ ਪਾਲਣਾ ਕਰਨਾ।

(2) ਯੂਨੀਵਰਸਿਟੀ ਲਈ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਨਿੱਜੀ ਯੂਨੀਵਰਸਿਟੀਆਂ ਵਿੱਚ ਮਿਆਰਾਂ ਦੀ ਸਥਾਪਨਾ ਅਤੇ ਸੰਭਾਲ) ਵਿਨਿਯਮ, 2003 ਜਾਂ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਜਾਂ ਹੋਰ ਰੈਗੂਲੇਟਰੀ ਬੌਡੀਆਂ ਦੁਆਰਾ ਨਿੱਜੀ ਯੂਨੀਵਰਸਿਟੀਆਂ ਲਈ ਬਣਾਏ ਗਏ ਕਿਸੇ ਹੋਰ ਵਿਨਿਯਮਾਂ ਦੀ ਪਾਲਣਾ ਕਰਨੀ ਲਾਜ਼ਮੀ ਹੋਵੇਗੀ।

29. (1) ਯੂਨੀਵਰਸਿਟੀ ਦਾ ਇੱਕ ਆਮ ਫ਼ੰਡ ਹੋਵੇਗਾ, ਜਿਸ ਵਿੱਚ ਜਮ੍ਹਾਂ ਕਰਵਾਏ ਜਾਣਗੇ,- ਆਮ ਫ਼ੰਡ।

(ੳ) ਯੂਨੀਵਰਸਿਟੀ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਫੀਸਾਂ ਅਤੇ ਹੋਰ ਖਰਚੇ;

(ਅ) ਯੂਨੀਵਰਸਿਟੀ ਦੁਆਰਾ ਮਸ਼ਵਰੇ ਤੋਂ ਅਤੇ ਆਪਣੇ ਜ਼ਿੰਮੇ ਲਏ ਗਏ ਹੋਰ ਕੰਮ ਤੋਂ ਪ੍ਰਾਪਤ ਕੀਤੀ ਗਈ ਕੋਈ ਆਮਦਨ; ਅਤੇ

(ੲ) ਕਿਸੇ ਸਰਕਾਰੀ ਅਤੇ ਗੈਰ-ਸਰਕਾਰੀ ਫ਼ੰਡ ਏਜੰਸੀਆਂ ਤੋਂ ਖੋਜ ਪ੍ਰੋਜੈਕਟਾਂ ਲਈ ਯੂਨੀਵਰਸਿਟੀ ਦੁਆਰਾ ਕਿਸੇ ਸਾਧਨ ਤੋਂ ਪ੍ਰਾਪਤ ਕੀਤੇ ਗਏ ਫ਼ੰਡ ਅਤੇ ਗ੍ਰਾਂਟਾਂ।

(2) ਆਮ ਫ਼ੰਡ ਦੀ ਵਰਤੋਂ ਹੇਠ-ਲਿਖੇ ਪ੍ਰਯੋਜਨਾਂ ਲਈ ਹੋਵੇਗੀ, ਅਰਥਾਤ:-

(ੳ) ਯੂਨੀਵਰਸਿਟੀ ਦੁਆਰਾ ਲਏ ਗਏ ਕਰਜ਼ਿਆਂ ਨੂੰ ਵਿਆਜ਼ ਦੇ ਚਾਰਜਿਜ਼ ਸਮੇਤ ਵਾਪਸ ਅਦਾਇਗੀ ਕਰਨ ਲਈ;

(ਅ) ਯੂਨੀਵਰਸਿਟੀ ਦੇ ਧਨਧਾਮਾਂ ਦੀ ਸੰਭਾਲ ਲਈ;

(ੲ) ਫੰਡ ਦੇ ਆਡਿਟ ਦੇ ਖ਼ਰਚੇ ਦੀ ਅਦਾਇਗੀ ਲਈ;

(ਸ) ਕਿਸੇ ਦਾਵੇ ਜਾਂ ਕਾਰਵਾਈਆਂ ਦੇ ਖ਼ਰਚਿਆਂ ਦੀ ਪੂਰਤੀ ਕਰਨ ਲਈ;

(ਹ) ਯੂਨੀਵਰਸਿਟੀ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਤਨਖਾਹਾਂ ਅਤੇ ਭੱਤਿਆਂ ਦੀ ਅਦਾਇਗੀ ਲਈ ਅਤੇ ਅਜਿਹੇ ਕਿਸੇ ਅਧਿਕਾਰੀ ਅਤੇ ਕਰਮਚਾਰੀ ਨੂੰ ਕਿਸੇ ਫ਼ਾਇਦੇ ਦੀ ਅਦਾਇਗੀ ਕਰਨ ਲਈ;

(ਕ) ਯੂਨੀਵਰਸਿਟੀ ਦੀਆਂ ਅਥਾਰਟੀਆਂ, ਕਮੇਟੀ ਜਾਂ ਬੋਰਡ ਦੇ ਮੈਂਬਰਾਂ ਦੇ ਯਾਤਰਾ ਅਤੇ ਹੋਰ ਭੱਤਿਆਂ ਦੀ ਅਦਾਇਗੀ ਕਰਨ ਲਈ;

(ਖ) ਸਮਾਜ ਦੇ ਆਰਥਿਕ ਤੌਰ ਤੇ ਕਮਜ਼ੋਰ ਵਰਗ ਨਾਲ ਸਬੰਧਤ ਵਿਦਿਆਰਥੀਆਂ ਜਾਂ ਸਹਿਯੋਗੀ ਖੋਜਕਾਰਾਂ ਜਾਂ ਸਿਖਿਆਰਥੀਆਂ, ਜਿਹੀ ਕਿ ਸੂਰਤ ਹੋਵੇ, ਜਾਂ ਅਜਿਹੇ ਐਵਾਰਡ ਪ੍ਰਾਪਤ ਕਰਨ ਲਈ ਕਿਸੇ ਪਾਤਰ ਵਿਦਿਆਰਥੀ ਨੂੰ ਫੈਲੋਸ਼ਿੱਪਾਂ, ਵਜ਼ੀਫ਼ੇ, ਸਹਾਇਤਾ ਅਤੇ ਹੋਰ ਐਵਾਰਡਾਂ ਦੀ ਅਦਾਇਗੀ ਕਰਨ ਲਈ;

(ਗ) ਯੂਨੀਵਰਸਿਟੀ ਦੁਆਰਾ ਉਠਾਏ ਗਏ ਕਿਸੇ ਖ਼ਰਚਿਆਂ ਦੀ ਅਦਾਇਗੀ ਕਰਨ ਲਈ;

(ਘ) ਯੂਨੀਵਰਸਿਟੀ ਦੇ ਪ੍ਰਯੋਜਨ ਲਈ ਭੋਂ ਅਰਜਤ ਕਰਨ ਜਾਂ ਕਿਸੇ ਕਿਸਮ ਦੇ ਵਿਕਾਸ ਦੇ ਕੰਮ ਜਾਂ ਇਸ ਤਰ੍ਹਾਂ ਕਿਸੇ ਹੋਰ ਸਰਗਰਮੀਆਂ ਲਈ ਅਦਾਇਗੀ ਕਰਨ ਲਈ;

(ਙ) ਸੋਸਾਇਟੀ ਦੁਆਰਾ ਯੂਨੀਵਰਸਿਟੀ ਦੀ ਸਥਾਪਨਾ ਅਤੇ ਉਸ ਨੂੰ ਚਲਾਉਣ ਅਤੇ ਇਸ ਲਈ ਕੀਤੇ ਨਿਵੇਸ਼ਾਂ ਲਈ ਲਏ ਗਏ ਕਰਜ਼ਿਆਂ ਦੀ ਮੁੜ-ਅਦਾਇਗੀ ਕਰਨ ਲਈ ਅਤੇ ਪੂੰਜੀ ਦੇ ਖਰਚੇ ਦੀ ਅਦਾਇਗੀ ਕਰਨ ਲਈ;

(ਚ) ਯੂਨੀਵਰਸਿਟੀ ਦੁਆਰਾ ਲਏ ਗਏ ਮਸ਼ਵਰੇ ਦੇ ਕੰਮ ਨਾਲ ਸਬੰਧਤ ਚਾਰਜਾਂ ਅਤੇ ਖਰਚਿਆਂ ਦੀ ਅਦਾਇਗੀ ਲਈ;

(ਛ) ਸੋਸਾਇਟੀ ਦੁਆਰਾ ਯੂਨੀਵਰਸਿਟੀ ਲਈ ਜਾਂ ਇਸ ਦੇ ਨਮਿੱਤ ਕਿਸੇ ਖਰਚੇ, ਤਨਖਾਹਾਂ, ਕਰਾਂ, ਦੇਣਦਾਰੀਆਂ ਦੀ ਅਦਾਇਗੀ ਕਰਨ ਲਈ।

30. ਯੂਨੀਵਰਸਿਟੀ ਦੀ ਆਮਦਨ ਅਤੇ ਖ਼ਰਚਿਆਂ ਦੇ ਲੇਖੇ ਯੂਨੀਵਰਸਿਟੀ ਦੇ ਚਾਰਟਰਡ ਲੇਖਾਕਾਰ ਦੁਆਰਾ ਪੇਸ਼ ਕੀਤੇ ਜਾਣਗੇ, ਅਤੇ ਉਹ ਖਾਤੇ ਮੁੱਖ ਵਿੱਤ ਅਤੇ ਲੇਖਾ ਅਧਿਕਾਰੀ ਵੱਲੋਂ ਸਾਲ ਵਿੱਚ ਇੱਕ ਵਾਰੀ ਪ੍ਰਸ਼ਾਸਕੀ ਬੌਡੀ ਨੂੰ ਉਸ ਦੀ ਪ੍ਰਵਾਨਗੀ ਲਈ ਪੇਸ਼ ਕੀਤੇ ਜਾਣਗੇ। ਸਾਲਾਨਾ ਰਿਪੋਰਟ।

31. ਯੂਨੀਵਰਸਿਟੀ ਦੁਆਰਾ ਹਰੇਕ ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਵਿੱਚ ਕਰਵਾਈਆਂ ਜਾਣ ਵਾਲੀਆਂ ਵੱਖ-ਵੱਖ ਅਕਾਦਮਿਕ ਸਰਗਰਮੀਆਂ ਸਮੇਤ ਯੂਨੀਵਰਸਿਟੀ ਪ੍ਰੀਖਿਆਵਾਂ ਦੀ ਛਿਮਾਹੀ-ਦਰ-ਛਿਮਾਹੀ ਜਾਂ ਸਲਾਨਾ, ਜਿਹੀ ਕਿ ਸੂਰਤ ਹੋਵੇ, ਇੱਕ ਆਰਜ਼ੀ ਅਨੁਸੂਚੀ ਤਿਆਰ ਕੀਤੀ ਅਤੇ ਛਪਵਾਈ ਜਾਵੇਗੀ ਪਰੰਤੂ ਇਹ ਕੈਲੰਡਰ ਸਾਲ ਦੇ ਅਗਸਤ ਦੇ 30ਵੇਂ ਦਿਨ ਤੋਂ ਬਾਅਦ ਨਹੀਂ ਹੋਵੇਗੀ। ਪ੍ਰੀਖਿਆਵਾਂ।

**ਵਿਆਖਿਆ.-** 'ਪ੍ਰੀਖਿਆਵਾਂ ਦੀ ਅਨੁਸੂਚੀ', ਦਾ ਮਤਲਬ ਹੈ ਹਰੇਕ ਪੇਪਰ ਦੇ ਅਰੰਭ ਦੇ ਸਮੇਂ, ਦਿਨ ਅਤੇ ਤਰੀਕ ਬਾਰੇ ਵੇਰਵੇ ਦਿੰਦੀ ਸਮਾਂ-ਸਾਰਣੀ, ਜਿਹੜੀ ਪ੍ਰੀਖਿਆਵਾਂ ਦੀ ਸਕੀਮ ਦਾ ਹਿੱਸਾ ਹੈ ਜਿਸ ਵਿੱਚ ਵਿਵਹਾਰਕ ਪ੍ਰੀਖਿਆਵਾਂ ਅਤੇ ਜ਼ੁਬਾਨੀ ਪ੍ਰੀਖਿਆਵਾਂ, ਜੇ ਕੋਈ ਹੋਣ, ਸ਼ਾਮਲ ਹਨ।

32. (1) ਯੂਨੀਵਰਸਿਟੀ ਉਸ ਦੁਆਰਾ ਹਰ ਵੱਖਰੀ ਕਿਸਮ ਦੇ ਵਿਸ਼ੇਸ਼ ਕੋਰਸ ਦੀਆਂ ਲਈਆਂ ਗਈਆਂ ਪ੍ਰੀਖਿਆਵਾਂ ਦੀ ਅੰਤਮ ਤਰੀਕ ਤੋਂ ਪੰਤਾਲੀ ਦਿਨ ਦੀ ਮੁੱਦਤ ਦੇ ਅੰਦਰ ਪ੍ਰੀਖਿਆਵਾਂ ਦੇ ਨਤੀਜੇ ਐਲਾਨ ਕਰਨ ਦਾ ਯਤਨ ਕਰੇਗੀ, ਅਤੇ ਇਹ ਕਿਸੇ ਵੀ ਹਾਲਤ ਵਿੱਚ ਉਕਤ ਤਰੀਕ ਤੋਂ ਸੱਠ ਦਿਨਾਂ ਤੋਂ ਬਾਅਦ ਨਹੀਂ ਹੋਣਗੇ। ਨਤੀਜਿਆਂ ਦਾ ਐਲਾਨ ਕਰਨਾ।

(2) ਕੋਈ ਪ੍ਰੀਖਿਆ ਜਾਂ ਕਿਸੇ ਵੀ ਪ੍ਰੀਖਿਆ ਦਾ ਨਤੀਜਾ ਸਿਰਫ਼ ਇਸ ਕਾਰਨ ਕਰਕੇ ਨਾਜਾਇਜ਼ ਘੋਸ਼ਿਤ ਨਹੀਂ ਕੀਤਾ ਜਾਵੇਗਾ ਕਿ ਯੂਨੀਵਰਸਿਟੀ ਦੁਆਰਾ ਪ੍ਰੀਖਿਆਵਾਂ ਦੀ ਅਨੁਸੂਚੀ ਨੂੰ ਨਹੀਂ ਅਪਣਾਇਆ ਗਿਆ।

ਕਨਵੋਕੇਸ਼ਨ।

33. ਯੂਨੀਵਰਸਿਟੀ ਦੀ ਕਨਵੋਕੇਸ਼ਨ ਹਰ ਅਕਾਦਮਿਕ ਸਾਲ ਵਿੱਚ ਡਿਗਰੀਆਂ, ਡਿਪਲੋਮੇ, ਸਰਟੀਫਿਕੇਟਾਂ ਜਾਂ ਕਿਸੇ ਹੋਰ ਅਕਾਦਮਿਕ ਉਪਾਧੀਆਂ ਦੇਣ ਲਈ ਜਾਂ ਕਿਸੇ ਹੋਰ ਪ੍ਰਯੋਜਨ ਲਈ ਅਜਿਹੇ ਤਰੀਕੇ ਅਨੁਸਾਰ ਕੀਤੀ ਜਾਵੇਗੀ, ਜਿਵੇਂ ਮੁਕੱਰਰ ਕੀਤਾ ਜਾਵੇ।

ਸਬੰਧਤ ਅਥਾਰਟੀਆਂ ਅਤੇ ਬੌਡੀਆਂ ਦੇ ਝਗੜੇ।

34. ਜੇ ਕਿਸੇ ਵਿਅਕਤੀ ਦੇ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਹੋਰ ਬੌਡੀ ਦਾ ਮੈਂਬਰ ਹੋਣ ਸਬੰਧੀ ਉਸਦੀ ਨਿਯੁਕਤੀ ਜਾਂ ਹੱਕ ਦੇ ਬਾਰੇ ਵਿੱਚ ਕੋਈ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਅਜਿਹਾ ਪ੍ਰਸ਼ਨ ਚਾਂਸਲਰ ਨੂੰ ਹਵਾਲਾ ਕੀਤਾ ਜਾਵੇਗਾ, ਜਿਸ ਤੇ ਉਸਦਾ ਫ਼ੈਸਲਾ ਅੰਤਿਮ ਅਤੇ ਬੰਧਨਕਾਰੀ ਹੋਵੇਗਾ।

ਕਠਨਾਈਆਂ ਦੂਰ ਕਰਨ ਦੀ ਸ਼ਕਤੀ।

35. ਜੇ ਇਸ ਐਕਟ ਦੇ ਕਿਸੇ ਉਪਬੰਧਾਂ ਨੂੰ ਪ੍ਰਭਾਵੀ ਬਣਾਉਣ ਵਿੱਚ ਕੋਈ ਕਠਨਾਈ ਪੈਦਾ ਹੁੰਦੀ ਹੈ, ਤਾਂ ਰਾਜ ਸਰਕਾਰ ਚਾਂਸਲਰ ਨਾਲ ਮਸ਼ਵਰਾ ਕਰਕੇ, ਸਰਕਾਰੀ ਗਜ਼ਟ ਵਿੱਚ ਪ੍ਰਕਾਸ਼ਤ ਹੁਕਮ ਦੁਆਰਾ, ਅਜਿਹੇ ਉਪਬੰਧ ਬਣਾ ਸਕੇਗੀ, ਜੋ ਇਸ ਐਕਟ ਦੇ ਉਪਬੰਧਾਂ ਨਾਲ ਅਸੰਗਤ ਨਾ ਹੋਣ, ਜੋ ਉਸ ਨੂੰ ਅਜਿਹੀ ਕਠਨਾਈ ਨੂੰ ਦੂਰ ਕਰਨ ਲਈ ਜ਼ਰੂਰੀ ਪ੍ਰਤੀਤ ਹੋਣ:

ਪਰੰਤੂ ਇਸ ਐਕਟ ਦੇ ਅਰੰਭ ਦੀ ਤਰੀਕ ਤੋਂ ਦੋ ਸਾਲ ਦੀ ਮੁੱਦਤ ਗੁਜ਼ਰਨ ਪਿੱਛੋਂ ਇਸ ਧਾਰਾ ਅਧੀਨ ਕੋਈ ਅਜਿਹਾ ਹੁਕਮ ਨਹੀਂ ਕੀਤਾ ਜਾਵੇਗਾ।

ਨੇਕ-ਨੀਤੀ ਨਾਲ ਕੀਤੀ ਕਾਰਵਾਈ ਦਾ ਬਚਾਉ।

36. ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਦੇ ਉਪਬੰਧਾਂ ਦੇ ਅਨੁਸਰਣ ਵਿੱਚ ਨੇਕ-ਨੀਤੀ ਨਾਲ ਕੀਤੀ ਗਈ ਜਾਂ ਕੀਤੀ ਜਾਣੀ ਚਿਤਵਤ ਕਿਸੇ ਗੱਲ ਲਈ ਯੂਨੀਵਰਸਿਟੀ ਦੇ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੇ ਵਿਰੁੱਧ ਕੋਈ ਦਾਵਾ ਜਾਂ ਹੋਰ ਕਾਨੂੰਨੀ ਕਾਰਵਾਈ ਨਹੀਂ ਹੋ ਸਕੇਗੀ।

ਅੰਤਰਕਾਲੀ ਉਪਬੰਧ।

37. ਇਸ ਐਕਟ ਅਤੇ ਇਸ ਅਧੀਨ ਬਣਾਏ ਗਏ ਪ੍ਰਵਿਧਾਨਾਂ, ਆਰਡੀਨੈਂਸਾਂ ਜਾਂ ਵਿਨਿਯਮਾਂ ਵਿੱਚ ਦਰਜ ਕਿਸੇ ਗੱਲ ਦੇ ਹੁੰਦਿਆਂ ਹੋਇਆਂ ਵੀ, ਸੋਸਾਇਟੀ, ਫ਼ੰਡਾਂ ਦੀ ਉਪਲੱਬਧਤਾ ਹੋਣ ਦੇ ਤਾਬੇ, ਇਸ ਐਕਟ, ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ

ਵਿਨਿਯਮਾਂ ਦੇ ਉਪਬੰਧਾਂ ਨੂੰ ਸਿਰੇ ਚਾੜ੍ਹਨ ਦੇ ਪ੍ਰਯੋਜਨਾਂ ਲਈ, ਯੂਨੀਵਰਸਿਟੀ ਦੇ ਸਾਰੇ ਜਾਂ ਕਿਸੇ ਕਾਜਕਾਰ ਦਾ ਨਿਸਤਾਰਾ ਕਰ ਸਕਦੀ ਹੈ ਅਤੇ ਉਸ ਪ੍ਰਯੋਜਨ ਲਈ, ਜਦੋਂ ਤੱਕ ਅਜਿਹੀ ਅਥਾਰਟੀ ਹੋਂਦ ਵਿੱਚ ਨਹੀਂ ਆ ਜਾਂਦੀ ਜਾਂ ਅਧਿਕਾਰੀ ਨਿਯੁਕਤ ਨਹੀਂ ਹੋ ਜਾਂਦਾ, ਸੋਸਾਇਟੀ ਅਜਿਹੀਆਂ ਸ਼ਕਤੀਆਂ ਦੀ ਵਰਤੋਂ ਕਰ ਸਕਦੀ ਹੈ ਅਤੇ ਅਜਿਹੇ ਕਰਤੱਵਾਂ ਨੂੰ ਨਿਭਾ ਸਕਦੀ ਹੈ ਜਿਹੜੇ ਇਸ ਐਕਟ ਜਾਂ ਅਜਿਹੇ ਪ੍ਰਵਿਧਾਨਾਂ, ਆਰਡੀਨੈਂਸਾਂ ਅਤੇ ਵਿਨਿਯਮਾਂ ਦੁਆਰਾ ਯੂਨੀਵਰਸਿਟੀ ਦੀ ਕਿਸੇ ਅਥਾਰਟੀ ਜਾਂ ਅਧਿਕਾਰੀ ਦੁਆਰਾ ਨਿਭਾਏ ਜਾਣੇ ਹੁੰਦੇ ਹਨ।

**ਬੀ.ਬੀ.ਐੱਸ. ਤੇਜੀ,**
ਕਾਨੂੰਨੀ ਮਸ਼ੀਰ ਅਤੇ ਪ੍ਰਮੁੱਖ ਸਕੱਤਰ,
ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ।

*3592/12-2025/Pb. Govt. Press, S.A.S. Nagar*